ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

To view our online newspaper visit punjabipost.ca/epaper | Vol 21* Issue 155 | Monday, August 08, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


## ਸਟਾਫ ਦੀ ਘਾਟ ਨੂੰ ਸੇਫਟੀ ਦਾ ਮੁੱਦਾ ਦੱਸਕੇ ਏਅਰ ਕੈਨੇਡਾ ਮੁਆਵਜ਼ਾ ਦੇਣ ਤੋਂ ਕਰ ਰਹੀ ਹੈ ਇਨਕਾਰ



ਓਟਵਾ, 7 ਅਗਸਤ (ਪੋਸਟ ਬਿਊਰੋ) : ਡਿਪਾਰਚਰ ਤੋਂ ਚਾਰ ਘੰਟੇ ਪਹਿਲਾਂ ਰਾਇਨ ਫੈਰਲ ਨੂੰ ਇਹ ਜਾਣ ਕੇ ਹੈਰਾਨੀ ਹੋਈ ਕਿ ਯੈਲੋਨਾਈਫ ਤੋਂ ਕੈਲਗਰੀ ਜਾਣ ਵਾਲੀ ਉਨ੍ਹਾਂ ਦੀ ਫਲਾਈਟ ਕੈਂਸਲ ਹੋ ਗਈ ਹੈ।

ਏਅਰ ਕੈਨੇਡਾ ਨੇ ਕ੍ਰਿਊ ਦੀ ਸਮੱਸਿਆ ਦੱਸਦਿਆਂ ਹੋਇਆਂ ਉਸ ਦੀ 48 ਘੰਟੇ ਬਾਅਦ ਦੀ ਫਲਾਈਟ ਬੁੱਕ ਕਰ ਦਿੱਤੀ। ਪਰ ਫੈਰਲ ਨੂੰ ਉਸ ਸਮੇਂ ਹੋਰ ਹੈਰਾਨੀ ਹੋਈ ਜਦੋਂ ਮੁਆਵਜੇ ਲਈ ਪਾਈ ਗਈ ਉਸ ਦੀ ਬੇਨਤੀ ਨੂੰ ਸਟਾਫ ਦੀ ਘਾਟ ਦੇ ਅਧਾਰ ਉੱਤੇ ਰੱਦ ਕਰ ਦਿੱਤਾ ਗਿਆ।

ਜ਼ਿਕਰਯੋਗ ਹੈ ਕਿ 29 ਦਸੰਬਰ ਨੂੰ ਜਾਰੀ ਕੀਤੇ ਗਏ ਆਪਣੇ ਮੀਮੋ ਵਿੱਚ ਕੰਪਨੀ ਨੇ ਆਪਣੇ ਕਰਮਚਾਰੀਆਂ ਨੂੰ ਇਹ ਸਪਸ਼ਟ ਹਦਾਇਤ ਦਿੱਤੀ ਹੈ ਕਿ ਸਟਾਫ ਦੀ ਘਾਟ ਕਾਰਨ ਰੱਦ ਹੋਣ ਵਾਲੀਆਂ ਫਲਾਈਟਸ ਨੂੰ ਸੇਫਟੀ ਪ੍ਰੌਬਲਮ ਦੱਸਿਆ ਜਾਵੇ, ਇਸ ਨਾਲ ਫੈਡਰਲ ਰੈਗੂਲੇਸ਼ਨਜ਼ ਅਨੁਸਾਰ ਟਰੈਵਲਰਜ਼ ਨੂੰ ਮੁਆਵਜ਼ਾ ਦੇਣ ਲਈ ਏਅਰਲਾਈਨ ਪਾਬੰਦ ਨਹੀਂ ਹੋਵੇਗੀ।

ਦੂਜੇ ਪਾਸੇ ਕੈਨੇਡਾ ਦੇ ਪੈਸੈਂਜਰ ਰਾਈਟਸ ਚਾਰਟਰ ਅਨੁਸਾਰ ਏਅਰ ਪੈਸੈਂਜਰ ਪ੍ਰੋਟੈਕਸ਼ਨ ਰੈਗੂਲੇਸ਼ਨਜ਼ (ਏਪੀਪੀਆਰ) ਉਸ ਸੂਰਤ ਵਿੱਚ ਏਅਰਲਾਈਨਜ਼ ਨੂੰ ਪੈਸੈਂਜਰਜ਼ ਨੂੰ 1000 ਡਾਲਰ ਜੁਰਮਾਨੇ ਲਈ ਪਾਬੰਦ ਕਰਦੀ ਹੈ ਜੇ ਏਅਰਲਾਈਨ ਦੇ ਅਖ਼ਤਿਆਰ ਵਾਲੇ ਕਾਰਨਾਂ ਕਰਕੇ ਫਲਾਈਟ ਰੱਦ ਹੁੰਦੀ ਹੈ ਜਾਂ ਉਸ ਵਿੱਚ ਦੇਰ ਹੁੰਦੀ ...ਬਾਕੀ ਪੰਨਾ 4 'ਤੇ

## ਅੱਜ ਤੋਂ ਮੁੜ ਸ਼ੁਰੂ ਹੋਵੇਗੀ ਓਨਟਾਰੀਓ ਵਿਧਾਨਸਭਾ ਦੀ ਕਾਰਵਾਈ



ਓਨਟਾਰੀਓ, 7 ਅਗਸਤ (ਪੋਸਟ ਬਿਊਰੋ) : ਪ੍ਰੀਮੀਅਰ ਡੱਗ ਫੋਰਡ ਦੀ ਅਗਵਾਈ ਵਾਲੀ ਪ੍ਰੋਗਰੈਸਿਵ ਕੰਜ਼ਰਵੇਟਿਵ ਸਰਕਾਰ ਮੁੜ ਚੁਣੇ ਜਾਣ ਤੋਂ ਬਾਅਦ ਪਹਿਲੀ ਵਾਰੀ ਇਸ ਹਫਤੇ ਓਨਟਾਰੀਓ ਵਿਧਾਨਸਭਾ ਦਾ ਕੰਮਕਾਜ ਸ਼ੁਰੂ ਹੋਣ ਜਾ ਰਿਹਾ ਹੈ। ਇਸ ਸਮੇਂ ਸਿਆਸਤਦਾਨਾਂ ਦੇ ਸਾਹਮਣੇ ਹੈਲਥ ਕੇਅਰ ਨਾਲ ਜੁੜੇ ਸਟਾਫ ਦੀ ਘਾਟ ਤੇ ਦਿਨੋਂ ਦਿਨ ਵੱਧ ਰਹੀ ਮਹਿੰਗਾਈ ਦਾ ਮਾਮਲਾ ਮੂੰਹ ਅੱਡੀ ਖੜ੍ਹਾ ਹੈ।

ਸਪੀਕਰ ਲਈ ਵੋਟ ਕਰਨ ਵਾਸਤੇ ਮੈਂਬਰਜ਼ ਸੋਮਵਾਰ ਨੂੰ ਪਰਤਣ-ਗੇ ਤੇ ਉਸ ਤੋਂ ਅਗਲੇ ਦਿਨ ਮੰਗਲਵਾਰ ਨੂੰ ਰਾਜ ਭਾਸ਼ਣ ਹੋਵੇਗਾ। ਇਸ ਵਿੱਚ ਸਰਕਾਰ ਦੇ ਨਵੇਂ ਏਜੰਡੇ ਉੱਤੇ ਚਾਨਣਾ ਪਾਇਆ ਜਾਵੇਗਾ। ਇਸ ਦੌਰਾਨ ਸਰਕਾਰ ਵੱਲੋਂ ਬਜਟ ਵੀ ਪੇਸ਼ ਕੀਤਾ ਜਾਵੇਗਾ। ਅਸਲ ਵਿੱਚ ਬਜਟ ਪ੍ਰੋਵਿੰਸ਼ੀਅਲ ਚੋਣਾਂ ਤੋਂ ਪਹਿਲਾਂ ਹੀ ਪੇਸ਼ ਕੀਤਾ ਜਾ ਚੁੱਕਿਆ ਸੀ ਪਰ ਉਸ ਸਮੇਂ ਇਸ ਨੂੰ ਪਾਸ ਨਹੀਂ ਸੀ ਕੀਤਾ ਗਿਆ। ਹੁਣ ਵੀ ਬਜਟ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਜਾ ਰਹੀ।

ਪ੍ਰੀਮੀਅਰ ਦੇ ਹੈਲਥ ਕੇਅਰ ਤੇ ਆਰਥਿਕ ਦਬਾਅ ਨੂੰ ਸਵੀਕਾਰਨ ਦੀ ਸੰਭਾਵਨਾ ਹੈ ਪਰ ਅਜੇ ਇਹ ਸਪਸ਼ਟ ਨਹੀਂ ਹੋ ਸਕਿਆ ਕਿ ਬਜਟ ਵਿੱਚ ਕਿਸੇ ਤਰ੍ਹਾਂ ਦੇ ਨਵੇਂ ਮਾਪਦੰਡ ਸ਼ਾਮਲ ਕੀਤੇ ਜਾਣਗੇ ਜਾਂ ਇਨ੍ਹਾਂ ਮੁੱਦਿਆਂ ਨਾਲ ਨਜਿੱਠਣ ਲਈ ਰਾਜ ਭਾਸ਼ਣ ਵਿੱਚ ਕੋਈ ਹੱਲ ਦੱਸਿਆ ਜਾਵੇਗਾ।

## ਛੁਰੇ ਨਾਲ ਚਾਰ ਵਿਅਕਤੀਆਂ ਨੂੰ ਜ਼ਖ਼ਮੀ ਕਰਨ ਵਾਲੇ ਨੂੰ ਪੁਲਿਸ ਨੇ ਮਾਰੀ ਗੋਲੀ



ਵੈਨਕੂਵਰ, 7 ਅਗਸਤ (ਪੋਸਟ ਬਿਊਰੋ) : ਸ਼ਨਿੱਚਰਵਾਰ ਰਾਤ ਨੂੰ ਡਾਊਨਟਾਊਨ ਟੋਰਾਂਟੋ ਵਿੱਚ ਵਾਪਰੀ ਇੱਕ ਹਿੰਸਕ ਘਟਨਾ ਵਿੱਚ ਮਸ਼ਕੂਕ ਸਮੇਤ ਗੰਭੀਰ ਜ਼ਖ਼ਮੀ 5 ਵਿਅਕਤੀਆਂ ਨੂੰ ਹਸਪਤਾਲ ਲਿਜਾਇਆ ਗਿਆ।

ਵੈਨਕੂਵਰ ਪੁਲਿਸ ਡਿਪਾਰਟਮੈਂਟ ਵੱਲੋਂ ਜਾਰੀ ਕੀਤੇ ਗਏ ਬਿਆਨ ਅਨੁਸਾਰ ਇਹ ਘਟਨਾ ਰਾਤੀਂ 10:00 ਵਜੇ ਤੋਂ ਬਾਅਦ ਵਾਪਰੀ। ਇਸ ਬਿਆਨ ਵਿੱਚ ਦੱਸਿਆ ਗਿਆ ਕਿ ਗ੍ਰੈਨਵਿੱਲ ਤੇ ਸਮਿੱਥ ਸਟਰੀਟਸ ਇੰਟਰਸੈਕਸ਼ਨ ਨੇੜੇ ਇੱਕ ਰੂਮਿੰਗ ਹਾਊਸ ਵਿੱਚ ਇੱਕ ਵਿਅਕਤੀ ਵੱਲੋਂ ਆਪਣੇ ਸੂਈਟ ਨੂੰ ਅੱਗ ਲਾਉਣ ਤੋਂ ਬਾਅਦ ਵੈਨਕੂਵਰ ਫਾਇਰ ਰੈਸਕਿਊ ਸਰਵਿਸਿਜ਼ ਨੂੰ ਮੌਕੇ ਉੱਤੇ ਸੱਦਿਆ ਗਿਆ। ...ਬਾਕੀ ਪੰਨਾ 4 'ਤੇ

## ਸਕਾਰਬਰੋ ਵਿਚ ਵਾਪਰੇ ਹਾਦਸੇ ਵਿਚ ਮੋਟਰਸਾਈਕਲਿਸਟ ਤੇ ਰਾਹਗੀਰ ਜ਼ਖ਼ਮੀ



ਸਕਾਰਬਰੋ, 7 ਅਗਸਤ (ਪੋਸਟ ਬਿਊਰੋ) : ਐਤਵਾਰ ਸਵੇਰੇ ਸੈਂਟਰਲ ਸਕਾਰਬਰੋ ਵਿੱਚ ਮੋਟਰਸਾਈਕਲ ਵੱਲੋਂ ਪੈਦਲ ਜਾ ਰਹੇ ਵਿਅਕਤੀ ਨੂੰ ਟੱਕਰ ਮਾਰੇ ਜਾਣ ਕਾਰਨ ਦੋਵੇਂ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ।

ਟੋਰਾਂਟੋ ਪੈਰਾਮੈਡਿਕਸ ਨੇ ਦੱਸਿਆ ਕਿ ਉਨ੍ਹਾਂ ਨੂੰ ਤੜਕੇ 4:10 ਉੱਤੇ ਮੈਰੀਅਨ ਰੋਡ ਤੇ ਕਰਵੈਟ ਐਵਨਿਊ ਦਰਮਿਆਨ ਕੈਨੇਡੀ ਰੋਡ ਉੱਤੇ ਹਾਦਸੇ ਦੀ ਖਬਰ ਦੇ ਕੇ ਸੱਦਿਆ ਗਿਆ।

ਟੋਰਾਂਟੋ ਪੁਲਿਸ ਸਾਰਜੈਂਟ ਨੇ ਦੱਸਿਆ ਕਿ ਕੈਨੇਡੀ ਐਵਨਿਊ ਤੇ ਮੈਰੀਅਨ ਰੋਡ ਦੇ ਲਾਂਘੇ ਦੇ ਉੱਤਰ ਵਾਲੇ ਪਾਸਿਓਂ ਇੱਕ 64 ਸਾਲਾ ਵਿਅਕਤੀ ਸੜਕ ਪਾਰ ਕਰ ਰਿਹਾ ਸੀ ਜਦੋਂ ...ਬਾਕੀ ਪੰਨਾ 4 'ਤੇ


AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor 416-724-5000

GURBIR CHAHAL
416.566.7605
gurbir.chahal@yahoo.com
ROYAL LePAGE Flower City Realty

NOW HIRING !!! ALLKIND INSURANCE
Life Insurance • Super Visa Insurance
Critical illness Ins • Mortgage Insurance
Travel & Visitor Ins • Disability Insurance
RESP & TFSA & RRSP • Funeral Insurance
SIMRAN SAINI 416.994.7272
www.allkindinsurance.com

OURR HOME APPLIANCES
Late Summer TREATS
$3199 + $1599
KitchenAid moffat MAYTAG LG SAMSUNG Electrolux JENNAIR BOSCH Whirlpool
Unit #1, 241 Clarence St Brampton, On L6W 3E7, (416) 551 3343 | 44 Fasken Dr # 2-9 Etobicoke, On M9W 5M3, (416) 792-0877 | Unit #6 410 Lewis Road, Stoney Creek, On L8E 5Y7, (905) 643-CB18 | Unit #4 - 1540 Fanshawe Park Road West London, On N6H 5L6 519-641-1010
WWW.OURRHOMEAPPLIANCES.COM (416) 792-0877 (416) 551 3343

MUFFIN'S Pure Vegetarian INDIAN SWEETS & RESTAURANT
CALL (905)794-3007
NOW OPEN AT EMBASSY GRAND PLAZA #6-8770 THE GORE RD, BRAMPTON, ON L6P 0B1
Free CHOLE BHATURE WHEN YOU SPEND OVER $20

INSURANCE
Home • Auto
Business • Trucking
Life Insurance • Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
Residential, Commercial
KSG Pest Control Inc. www.ksgpestcontrol.ca ksgpestcontrol@gmail.com
Amarjeet Singh Gill

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2264 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
Immigration • Real Estate
Family Law • Business Closing
Corporate • Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | Avon Financial Inc. Advice you can bank on. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL
416 938 4598

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

# ਕਾਮਨਵੈੱਲਥ ਖੇਡਾਂ : ਅਮਿਤ ਪੰਘਾਲ, ਨੀਤੂ ਘਣਗੱਸ ਅਤੇ ਐਲਡਹਾਸ ਪਾਲ ਨੇ ਸੋਨ ਤਮਗੇ ਜਿੱਤੇ

*** ਲਾਅਨ ਬਾਲ ਪੁਰਸ਼ ਟੀਮ ਅਤੇ ਅਬਦੁੱਲਾ ਨੂੰ ਚਾਂਦੀ ਤਮਗੇ ਮਿਲੇ * ਦੀਪਿਕਾ ਤੇ ਸੌਰਵ ਦੀ ਜੋੜੀ ਅਤੇ ਅਨੂ ਰਾਣੀ ਨੇ ਕਾਂਸੀ ਤਮਗੇ ਜਿੱਤੇ * ਬੈਡਮਿੰਟਨ ਵਿੱਚ ਸ੍ਰੀਕਾਂਤ ਤਿਆਗੀ ਨੇ ਕਾਂਸੇ ਦਾ ਤਮਗਾ ਜਿੱਤਿਆ**



ਬਰਮਿੰਘਮ, 7 ਅਗਸਤ, (ਪੋਸਟ ਬਿਊਰੋ)- ਕਾਮਨਵੈੱਲਥ ਖੇਡਾਂਵਿੱਚਮੁੱਕੇਬਾਜ਼ ਅਮਿਤ ਪੰਘਾਲ ਨੇ ਅੱਜ ਐਤਵਾਰ ਨੂੰਪੁਰਸ਼ਫਲਾਈਵੇਟ (48-51 ਕਿਲੋਗ੍ਰਾਮ) ਵਿੱਚ ਇੰਗਲੈਂਡ ਦੇ ਕੀਆਰਨ ਮੈਕਡੋਨਾਲਡ ਨੂੰ ਹਰਾ ਕੇ ਸੋਨ ਤਮਗਾ ਜਿੱਤ ਲਿਆ ਹੈ। ਉਨ੍ਹਾਂ ਨੇ ਮੈਕਡੋਨਲਡ ਨੂੰ 5-0 ਨਾਲ ਹਰਾਇਤਆ ਹੈ। ਗੋਲਡ ਕੋਸਟ 2018 ਖੇਡਾਂ ਦੇ ਚਾਂਦੀ ਦਾ ਤਮਗਾ ਜੇਤੂ ਅਮਿਤ ਨੇ ਮੈਚ ਦੇ ਸ਼ੁਰੂ ਤੋਂ ਹੀ ਕੀਆਰਨ ਉੱਤੇ ਪੰਚਾਂ ਦੀ ਬਾਰਿਸ਼ ਕੀਤੀ ਅਤੇ ਪਹਿਲੇ ਦੌਰ ਵਿੱਚ ਵਿਰੋਧੀ ਨੂੰ ਕਈ ਸੱਟਾਂ ਲਾਈਆਂ। ਦੂਸਰੇ ਦੌਰ ਵਿੱਚ ਸ਼ਾਨਦਾਰ ਪ੍ਰਦਰਸ਼ਨ ਨਾਲ ਉਸ ਨੇ 4-0 ਨਾਲ ਸੋਨ ਤਮਗਾ ਜਿੱਤ ਲਿਆ।

ਇਸ ਦੌਰਾਨ ਮੁੱਕੇਬਾਜ਼ੀ ਦੇ 48 ਕਿਲੋਗ੍ਰਾਮ ਵਰਗਵਿੱਚ ਨੀਤੂ ਘਣਗੱਸ ਨੇ ਇੰਗਲੈਂਡ ਦੀ ਡੇਮੀ-ਜੇਡ ਰੇਸਟਨ ਨੂੰ ਹਰਾ ਕੇ ਸੋਨ ਤਮਗਾ ਜਿੱਤ ਲਿਆ। ਹਰਿਆਣਾ ਦੀ ਮੁੱਕੇਬਾਜ਼ ਨੀਤੂ ਨੇ ਸ਼ੁਰੂ ਤੋਂ ਹਮਲਾਵਰ ਖੇਡ ਦਿਖਾਈ ਅਤੇ ਡੇਮੀ ਜੇਡ ਰੇਸਟਨ ਨੂੰ 5-0 ਨਾਲ ਹਰਾ ਕੇ ਸੋਨ ਤਮਗਾ ਜਿੱਤਿਆ।

ਭਾਰਤ ਨੇ ਲਾਅਨ ਬਾਲ ਈਵੈਂਟ ਵਿੱਚਅੱਜ ਦੂਸਰਾ ਤਮਗਾ ਜਿੱਤਿਆ, ਪਰ ਪੁਰਸ਼ ਫੋਰ ਟੀਮ ਨੂੰ ਫਾਈਨਲ ਵਿੱਚ ਉੱਤਰੀ ਆਇਰਲੈਂਡ ਤੋਂ ਹਾਰ ਕੇ ਚਾਂਦੀ ਦਾ ਤਮਗਾ ਹੀ ਮਿਲਿਆ। ਉੱਤਰੀ ਆਇਰਲੈਂਡ ਨੇ 18-5 ਦੇ ਸਕੋਰ ਨਾਲ ਸੋਨ ਤਮਗਾ ਲਿਆ। ਭਾਰਤੀ ਟੀਮ ਵਿੱਚ ਸੁਨੀਲ ਬਹਾਦਰ (ਲੀਡ), ਨਵਨੀਤ ਸਿੰਘ (ਸੈਕੰਡ), ਚੰਦਨ ਕੁਮਾਰ ਸਿੰਘ (ਥਰਡ) ਤੇ ਦਿਨੇਸ਼ ਕੁਮਾਰ (ਸਕਿਪ) ਸ਼ਾਮਲ ਸਨ। ਉੱਤਰੀ ਆਇਰਲੈਂਡ ਨੇ 1998 ਦੀਆਂ ਕਾਮਨਵੈੱਲਥ ਖੇਡਾਂ ਵਿੱਚ ਇਸ ਖੇਡ ਦਾ ਆਖਰੀ ਸੋਨ ਤਮਗਾ ਜਿੱਤਿਆ ਸੀ।ਅੱਜ ਉਸ ਦੀ ਟੀਮ ਵਿੱਚ ਕੈਮ ਬਾਰਕਲੇ (ਲੀਡ), ਐਡਮ ਮੈਕਕਿਊਨ (ਸੈਕੰਡ), ਇਆਨ ਮੈਕਕਲੂਰ (ਥਰਡ) ਅਤੇ ਮਾਰਟਿਨ ਮੈਕਹਿਊਜ (ਸਕਿਪ) ਸ਼ਾਮਲ ਸਨ।

ਭਾਰਤ ਦੇ ਐਲਡਹਾਸ ਪਾਲ ਅਤੇ ਅਬਦੁੱਲਾ ਅਬੂ ਬਕਰ ਨੇ ਅੱਜ ਐਥਲੈਟਿਕਸ ਵਿੱਚ ਤੀਹਰੀ ਛਾਲਵਿੱਚ ਸੋਨੇ ਤੇ ਚਾਂਦੀ ਦੇ ਤਮਗੇ ਜਿੱਤੇ। ਐਲਡਹਾਸ ਨੇ 17.03 ਮੀਟਰ ਦੀ ਸਰਵੋਤਮ ਕੋਸ਼ਿਸ਼ ਨਾਲ ਸੋਨ ਤਮਗਾ ਜਿੱਤਿਆ, ਜਦਕਿ ਅਬਦੁੱਲਾ ਨੇ 17.02 ਦੇ ਸਰਵੋਤਮ ਯਤਨ ਨਾਲ ਚਾਂਦੀ ਤਮਗਾ ਜਿੱਤਿਆ ਹੈ।

ਅਨੂ ਰਾਣੀ ਨੇ ਜੈਵਲਿਨ ਥ੍ਰੋਅ ਵਿੱਚ ਕਾਂਸੀ ਤਮਗਾ ਜਿੱਤ ਕੇ ਇਤਿਹਾਸ ਰਚਿਆ। ਉਹ ਇਹ ਤਮਗਾ ਲੈਣ ਵਾਲੀ ਭਾਰਤ ਦੀ ਪਹਿਲੀ ਮਹਿਲਾ ਖਿਡਾਰਨ ਬਣੀ। ਰਾਣੀ ਨੇ ਆਪਣੀ ਤੀਜੀ ਕੋਸ਼ਿਸ਼ਵਿੱਚ 60 ਮੀਟਰ ਜੈਵਲਿਨ ਸੁੱਟ ਕੇ ਤੀਜਾ ਸਥਾਨ ਲਿਆ। ਵਿਸ਼ਵ ਚੈਂਪੀਅਨ ਆਸਟਰੇਲੀਆ ਦੀ ਕੇਲਸੇ ਲੀ ਬਾਰਬਰ ਨੇ 64.43 ਮੀਟਰ ਥ੍ਰੋ ਨਾਲ ਸੋਨ ਤਮਗਾ ਅਤੇ ਓਸੇ ਦੇਸ਼ ਦੀਮੈਕੇਂਜੀ ਲਿਟਲ 64.27 ਮੀਟਰ ਥ੍ਰੋਅ ਨਾਲ ਦੂਸਰੇ ਸਥਾਨ ਉੱਤੇ ਰਹੀ।

ਦੀਪਿਕਾ ਪੱਲੀਕਲ ਅਤੇ ਸੌਰਵ ਘੋਸ਼ਾਲ ਦੀ ਭਾਰਤੀ ਜੋੜੀ ਨੇ ਕਾਮਨਵੈੱਲਥਵਿੱਚ ਸਕੁਐਸ਼ ਦੇ ਮਿਕਸਡ ਡਬਲਜ਼ ਵਿੱਚ ਕਾਂਸੀ ਤਮਗਾ ਜਿੱਤਿਆ।ਇਸ ਜੋੜੀ ਨੇ ਕਾਂਸੀ ਤਮਗੇ ਦੇ ਪਲੇਅ ਆਫ ਮੈਚਵਿੱਚ ਆਸਟਰੇਲੀਆ ਦੇ ਲੋਬਨ ਡੋਨਾ ਅਤੇ ਕੈਮਰੂਨ ਪਿਲੇ ਨੂੰ 11-8, 11-4 ਨਾਲ ਹਰਾਇਆ। ਖਾਸ ਗੱਲ ਇਹ ਕਿ 2018 ਗੋਲਡ ਕੋਸਟ ਕਾਮਨਵੈੱਲਥ ਖੇਡਾਂ ਦਾ ਫਾਈਨਲ ਵੀ ਇਨ੍ਹਾਂ ਦੋਵਾਂ ਜੋੜੀਆਂ ਵਿਚਾਲੇ ਸੀ ਤੇ ਉਦੋਂ ਭਾਰਤੀ ਜੋੜੀ ਨੇ ਚਾਂਦੀ ਤਮਗਾ ਜਿੱਤਿਆ ਸੀ। ਇਨ੍ਹਾਂ ਖੇਡਾਂਵਿੱਚ ਘੋਸ਼ਾਲ ਦਾ ਇਹ ਦੂਸਰਾ ਤਮਗਾ ਹੈ। ਉਸ ਨੇ ਪੁਰਸ਼ ਸਿੰਗਲਜ਼ਵਿੱਚ ਕਾਂਸੀ ਤਮਗਾ ਜਿੱਤਿਆ ਹੈ।

ਐਤਵਾਰ ਦੀ ਖੇਡ ਸੂਚੀ ਮੁਕੰਮਲ ਹੋਣ ਤੱਕ ਭਾਰਤ ਦੇ ਕਿਦਾਂਬੀ ਸ੍ਰੀਕਾਂਤ ਨੇ ਬੈਡਮਿੰਟਨ ਵਿੱਚ ਚਾਂਦੀ ਦਾ ਤਮਗਾ ਜਿੱਤ ਲਿਆ ਹੈ। ਇਸ ਨਾਲ ਭਾਰਤ ਕੁੱਲ ਮੈਡਲਾਂ ਦੀ ਸੂਚੀ ਵਿੱਚ ਅੱਧ ਸੈਂਕੜੇ ਦੇ ਨੇੜੇ ਪਹੁੰਚ ਗਿਆ ਹੈ।

## ਮਹਿਲਾ ਕ੍ਰਿਕਟ ਵਿੱਚ ਭਾਰਤ ਨੂੰ ਚਾਂਦੀ ਤੇ ਹਾਕੀ ਵਿੱਚ ਕਾਂਸੇ ਦਾ ਤਮਗਾ



ਬਰਮਿੰਘਮ, 7 ਅਗਸਤ, (ਪੋਸਟ ਬਿਊਰੋ)- ਭਾਰਤੀ ਮਹਿਲਾ ਹਾਕੀ ਟੀਮ ਨੇ ਐਤਵਾਰ ਏਥੇ ਸ਼ੂਟਆਊਟ ਵਿੱਚ ਮੌਜੂਦਾ ਚੈਂਪੀਅਨ ਨਿਊਜ਼ੀਲੈਂਡ ਨੂੰ 2-1 ਨਾਲ ਹਰਾ ਕੇ ਕਾਮਨਵੈੱਲਥਦਾ ਕਾਂਸੀ ਦਾ ਤਗਮਾ ਜਿੱਤ ਲਿਆ।

ਵਰਨਣ ਯੋਗ ਹੈ ਕਿ ਮੈਚ ਦੇ ਅੰਤ ਤੱਕ ਭਾਰਤੀ ਟੀਮ 1-0 ਨਾਲ ਅੱਗੇ ਸੀ, ਪਰ ਆਖਰੀ ਅੱਧੇ ਮਿੰਟਵਿੱਚ ਉਸ ਨੇ ਵਿਰੋਧੀ ਟੀਮ ਨੂੰ ਪੈਨਲਟੀ ਕਾਰਨਰ ਦੇ ਦਿੱਤਾ ਤਾਂਓਲੀਵੀਆ ਮੈਰੀ ਨੇ ਨਿਊਜ਼ੀਲੈਂਡ ਨੂੰ ਬਰਾਬਰੀ ਦਿਵਾਦਿੱਤੀ। ਫਿਰਸ਼ੂਟ ਆਊਟ ਵਿੱਚ ਭਾਰਤੀ ਟੀਮ ਨੇਸੰਜਮ ਕਾਇਮ ਰੱਖਿਆ ਅਤੇ 2-1 ਨਾਲਮੈਚਜਿੱਤਕੇ ਕਾਂਸੇ ਦਾ ਤਮਗਾ ਜਿੱਤ ਲਿਆ।ਭਾਰਤ ਦਾ ਕਾਮਨਵੈੱਲਥ ਖੇਡਾਂ ਦੇ ਮਹਿਲਾ ਹਾਕੀ ਦੇ ਇਤਿਹਾਸ ਵਿੱਚ ਇਹ ਤੀਸਰਾ ਤਮਗਾ ਹੈ। ਇਸ ਤੋਂ ਪਹਿਲਾਂ ਭਾਰਤ ਨੇ ਸਾਲ 2002ਵਿੱਚ ਸੋਨ ਤਮਗਾ ਜਿੱਤਿਆਤੇ 2006ਵਿੱਚ ਚਾਂਦੀਦਾ ਤਮਗਾ ਜਿੱਤਿਆ ਸੀ।

ਇਸ ਦੌਰਾਨ ਅੱਜ ਮਹਿਲਾ ਕ੍ਰਿਕਟ ਦੇ ਭਾਰਤ ਅਤੇ ਆਸਟ੍ਰੇਲੀਆਵਿੱਚ ਹੋਏਫਾਈਨਲ ਮੈਚ ਆਸਟ੍ਰੇਲੀਅਨ ਟੀਮ ਨੇ ਪਹਿਲਾਂ ਬੱਲੇਬਾਜ਼ੀ ਕਰਦੇ ਹੋਏ 8 ਵਿਕਟਾਂ ਦੇ ਨੁਕਸਾਨ ਉੱਤੇ 161 ਦੌੜਾਂ ਬਣਾਈਆਂ, ਜਿਸ ਦਾ ਪਿੱਛਾ ਕਰਦੀ ਭਾਰਤੀ ਟੀਮ 19.3 ਓਵਰਾਂਵਿੱਚ 152 ਬਣਾ ਕੇ ਆਲ ਆਊਟ ਹੋ ਗਈ। ਇਸ ਤਰ੍ਹਾਂ ਆਸਟਰੇਲੀਆ ਨੇ ਫਾਈਨਲ ਮੈਚ 9 ਦੌੜਾਂ ਨਾਲ ਜਿੱਤ ਕੇ ਸੋਨ ਤਮਗਾ ਜਿੱਤ ਲਿਆ ਅਤੇ ਭਾਰਤ ਨੂੰ ਚਾਂਦੀ ਤਮਗਾ ਮਿ-ਲਆ ਹੈ।

## ਕਰੋਨਾ ਕੇਸਾਂ ਵਿੱਚ ਤੇਜ਼ੀ ਹੋਣ ਕਾਰਨ ਭਾਰਤ ਸਰਕਾਰ ਨੇ 7 ਰਾਜਾਂ ਨੂੰ ਚੌਕਸੀ ਪੱਤਰ ਲਿਖਿਆ



ਨਵੀਂ ਦਿੱਲੀ, 7 ਅਗਸਤ, (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਲਾਗ ਦੇ ਨਵੇਂ ਕੇਸਾਂਵਿੱਚ ਤੇਜ਼ੀ ਦੇ ਕਾਰਨ ਭਾਰਤ ਦੇ ਕੇਂਦਰੀ ਸਿਹਤ ਮੰਤਰਾਲੇ ਨੇ 7 ਰਾਜਾਂ ਨੂੰ ਪੱਤਰ ਲਿਖ ਕੇ ਟੈਸਟਿੰਗ, ਟੀਕਾਕਰਨ ਵਿੱਚ ਤੇਜ਼ੀ ਲਿਆਉਣ ਅਤੇ ਯਕੀਨੀ ਬਣਾਉਣ ਲਈ ਕਿਹਾ ਹੈ ਕਿ ਕੋਵਿਡ ਦੇ ਢੁੱਕਵੇਂ ਨਿਯਮਾਂ ਦੀ ਪਾਲਣਾ ਕੀਤੀ ਜਾਵੇ।

ਕੇਂਦਰੀ ਸਿਹਤ ਸੈਕਟਰੀ ਰਾਜੇਸ਼ ਭੂਸ਼ਣ ਨੇ ਦਿੱਲੀ, ਕਰਨਾਟਕ, ਕੇਰਲ, ਮਹਾਰਾਸ਼ਟਰ, ਉੜੀਸਾ, ਤਾਮਿਲਨਾਡੂ ਤੇ ਤੇਲੰਗਾਨਾ ਨੂੰ ਲਿਖੇ ਪੱਤਰ ਵਿੱਚ ਇਨ੍ਹਾਂ ਰਾਜਾਂ ਨੂੰ ਅਗਲੇ ਹਫ਼ਤਿਆਂ ਵਿੱਚ ਹੋਰ ਚੌਕਸ ਰਹਿਣ ਨੂੰ ਕਿਹਾ ਹੈ, ਕਿਉਂਕਿ ਆਉਣ ਵਾਲੇ ਤਿਉਹਾਰਾਂ ਤੇ ਜਸ਼ਨਾਂ ਵੇਲੇ ਕੋਰੋਨਾ ਵਾਇਰਸ ਦੀ ਲਾਗ ਫੈਲਣ ਦੀ ਸੰਭਾਵਨਾ ਵੱਧ ਹੈ।ਪੱਤਰਵਿੱਚ ਕਿਹਾ ਗਿਆ ਹੈ ਕਿ "ਰੋਗ ਦੇ ਲੱਛਣਾਂ ਵਿੱਚ ਕੁਝ ਤਬਦੀਲੀ ਕਾਰਨ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਭ ਸਿਹਤ ਸਹੂਲਤਾਂ ਨਾਲਜ਼ਿਲ੍ਹਾ ਪੱਧਰ ਉੱਤੇ ਇਨਫਲੂਐਂਜ਼ਾ ਵਰਗੀ ਬਿਮਾਰੀ ਦੇ ਕੇਸਾਂ ਦੀ ਨਿਗਰਾਨੀ ਵੀ ਲਗਾਤਾਰ ਕੀਤੀ ਜਾਵੇ, ਕਿਉਂਕਿ ਲਾਗ ਫੈਲਣ ਦੇ ਸ਼ੁਰੂ ਹੋਣ ਬਾਰੇ ਚੇਤਾਵਨੀ ਸੰਕੇਤਾਂ ਦਾ ਪਤਾ ਲਾਉਣਾ ਅਹਿਮ ਹੈ। ਪੱਤਰ ਵਿਚ ਕਿਹਾ ਗਿਆ ਹੈ ਕਿ ਦਿੱਲੀਦਾ ਪਿਛਲੇ ਹਫ਼ਤੇ ਭਾਰਤ ਦੇ ਹਫ਼ਤਾਵਾਰੀ ਨਵੇਂ ਕੇਸਾਂਵਿੱਚ 8.2 ਫੀਸਦੀ ਹਿੱਸਾ ਸੀ ਤੇ ਇਸ ਦੌਰਾਨ ਕੇਰਲ ਵਿੱਚ ਪਿਛਲੇ ਮਹੀਨੇ ਵਿੱਚ ਔਸਤ 2,347 ਅਤੇ ਮਹਾਰਾਸ਼ਟਰ ਵਿੱਚ 2,135 ਕੇਸ ਰੋਜ਼ ਮਿਲੇ ਹਨ।

## ਚੀਨ ਤੇ ਤਾਈਵਾਨ ਦੇ ਜੰਗੀ ਜਹਾਜ਼ ਐਤਵਾਰ ਨੂੰ ਚੂਹੇ-ਬਿੱਲੀ ਦੀ ਖੇਡ ਖੇਡਦੇ ਨਜ਼ਰ ਆਏ


*** ਚੀਨੀ ਫ਼ੌਜ ਦੀ ਐਕਸਰਸਾਈਜ਼ ਖ਼ਤਮ, ਪਰ ਰਸਮੀ ਐਲਾਨ ਨਹੀਂ**

ਤਾਈਪੇ, 7 ਅਗਸਤ, (ਪੋਸਟ ਬਿਊਰੋ)- ਚੀਨੀ ਫ਼ੌਜ ਦੀ ਜੰਗੀ ਐਕਸਰਸਾਈਜ਼ ਦੇਅੱਜ ਚੌਥੇ ਅਤੇ ਆਖ਼ਰੀ ਦਿਨ ਚੀਨ ਤੇ ਤਾਈਵਾਨ ਦੇ ਜੰਗੀ ਬੇੜਿਆਂ ਨੇ ਸਮੁੰਦਰ ਵਿੱਚ ਚੂਹੇ-ਬਿੱਲੀ ਵਰਗੀ ਖੇਡ ਦੇ ਹਾਲਾਤ ਬਣਾਈ ਰੱਖੇ।ਤਾਈਵਾਨ ਸਟ੍ਰੇਟ ਵਿੱਚ ਦੋਵਾਂ ਦੇਸ਼ਾਂ ਦੇ ਦਸ-ਦਸ ਜੰਗ ਬੇੜੇ ਇੱਕ ਵਾਰ ਇੱਕ ਦੂਸਰੇ ਕਾਫੀ ਨੇੜੇ ਆ ਗਏ ਤੇ ਕਈ ਘੰਟੇ ਫ਼ੌਜੀ ਸਰਗਰਮੀ ਨਾਲ ਤਨਾਅ ਬਣਿਆ ਰਿਹਾ। ਕੁਝ ਚੀਨੀ ਜੰਗ ਬੇੜਿਆਂ ਨੇ ਮੱਧ ਲਾਈਨ ਵੀ ਪਾਰ ਕੀਤੀ। ਇਹ ਲਾਈਨ ਤਾਈਵਾਨ ਵੱਲੋਂ ਐਲਾਨੀ ਗਈ ਸਮੁੰਦਰੀ ਸੀਮਾ ਰੇਖਾ ਹੈ,ਜਿਸ ਨੂੰ ਚੀਨ ਮੰਨਦਾ ਨਹੀਂ।

ਇਸ ਬਾਰੇ ਅੱਜ ਤਾਈਵਾਨ ਦੇ ਫੌਜੀ ਮੰਤਰਾਲੇ ਨੇ ਕਿਹਾ ਕਿ ਚੀਨ ਦੇ ਜੰਗੀ ਬੇੜਿਆਂ, ਲੜਾਕੂ ਜਹਾਜ਼ਾਂ ਤੇ ਡਰੋਣ ਨੇ ਲਗਾਤਾਰ ਹਮਲਿਆਂ ਦੀ ਐਕਸਰਸਾਈਜ਼ ਕੀਤੀ ਹੈ, ਜਿਸਮੌਕੇਤਾਈਵਾਨ ਦੇ ਲੜਾਕੂ ਜਹਾਜ਼ਾਂ ਅਤੇ ਜੰਗੀ ਬੇੜਿਆਂ ਨੇ ਜਾਇਜ਼ ਢੰਗ ਨਾਲ ਅੱਗੋਂ ਜਵਾਬ ਦਿੱਤਾ ਹੈ। ਚੀਨ ਨੇ ਸਰਕਾਰੀ ਟੈਲੀਵਿਜ਼ਨਦੀ ਐਂਕਰ ਨੇ ਕਿਹਾ,'ਇਸ ਇਤਿਹਾਸਕ ਐਕਸਰਸਾਈਜ਼ ਵਿਚ ਚੀਨ ਦਾ ਏਕੀਕਰਨ ਮਹਿਸੂਸ ਕੀਤਾ ਗਿਆ।' ਇਸ ਚਾਰ ਦਿਨਾਂ ਦੀ ਫ਼ੌਜੀ ਐਕਸਰਸਾਈਜ਼ਵਿੱਚ ਚੀਨੀ ਫ਼ੌਜ ਦੀ ਲਗਾਤਾਰ ਕੋਸ਼ਿਸ਼ ਰਹੀ ਕਿ ਉਹ ਤਾਈਵਾਨ ਸਟ੍ਰੇਟ ਦੇ ਵਿਚਕਾਰਲੀ ਮੀਡੀਅਮ ਲਾਈਨ ਪਾਰ ਕਰੇ ਅਤੇਤਾਈਵਾਨ ਦੀ ਐਲਾਨੀ ਹੋਈ ਸਰਹੱਦੀ ਰੇਖਾ ਦਾ ਉਲੰਘਣ ਕਰੇ। ਇਸ ਨਾਲ ਉਹ ਏਕੀਕ੍ਰਿਤ ਚੀਨ ਦੀ ਧਾਰਨਾ ਦੀ ਪੁਸ਼ਟੀ ਕਰਨ ਦੇ ਨਾਲ ਤਾਈਵਾਨ ਦੀ ਪ੍ਰਭੂਸੱਤਾ ਨੂੰ ਰੱਦ ਕਰਨਾ ਚਾਹੁੰਦੀ ਸੀ।

ਵੇਖਣ ਵਾਲੇ ਸੂਤਰਾਂ ਦੇ ਮੁਤਾ-ਬਕ ਚੀਨ ਦੀ ਜੰਗੀ ਐਕਸਰਸਾਈਜ਼ਵੇਲੇ ਦੋਵੇਂ ਦੇਸ਼ਾਂ ਦੀ ਫ਼ੌਜ ਨੇ ਜ਼ਰੂਰੀ ਸੰਜਮ ਵਰਤਿਆ, ਪਰ ਕਈ ਵਾਰੀ ਸਮੁੰਦਰ ਵਿੱਚ ਚੂਹੇ-ਬਿੱਲੀ ਵਰਗੀ ਖੇਡ ਵੀ ਬਣੀ, ਪਰ ਸਿੱਧੀ ਟੱਕਰਦੀ ਹਾਲਤ ਕਦੀ ਨਹੀਂ ਬਣੀ। ਜਦੋਂ ਇੱਕ ਪੱਖ ਹਮਲਾਵਾਰ ਦਿਸਦਾ ਤਾਂ ਦੂਸਰਾ ਪੱਖ ਥੋੜ੍ਹਾ ਦੂਰੋਂ ਹਮਲਾਵਰੀ ਦਿਖਾਉਣ ਦੇ ਲਈ ਆਪਣੀ ਵਾਰੀ ਦੀ ਉਡੀਕ ਕਰਦਾ ਦਿੱਸਦਾ ਸੀ। ਸ਼ਾਇਦ ਦੋਵੇਂ ਪੱਖ ਇੱਕ-ਦੂਸਰੇ ਨੂੰ ਸਖ਼ਤ ਸੰਦੇਸ਼ ਦੇਣਾ ਚਾਹੁੰਦੇ ਸਨ। ਚੀਨ ਆਪਣੇ ਅਤਿ-ਆਧੁਨਿਕ ਹਥਿਆਰਾਂ ਨਾਲ ਤਾਕਤ ਦਿਖਾਉਣ ਦੀ ਕੋਸ਼ਿਸ਼ ਕਰਦਾ ਸੀ ਤਾਂ ਤਾਈਵਾਨੀ ਫ਼ੌਜ ਐਂਟੀ ਸ਼ਿਪ ਮਿਜ਼ਾਈਲਾਂ ਅਤੇ ਸਤ੍ਹਾ ਤੋਂ ਹਵਾ ਵਿਚ ਮਾਰ ਕਰਨ ਵਾਲੇ ਪੈਟ੍ਰੀਅਟ ਮਿਜ਼ਾਈਲ ਡਿਫੈਂਸ ਸਿਸਟਮ ਨਾਲ ਲੈਸ ਸੀ।ਤਾਈਵਾਨ ਨੇ ਕਿਹਾ ਹੈ ਕਿ ਸ਼ਨਿੱਚਰਵਾਰ ਉਸ ਨੇ ਹਵਾਈ ਹੱਦ ਦੀ ਉਲੰਘਣ ਉੱਤੇ ਚੀਨ ਦੇ 20 ਜੰਗੀ ਜਹਾਜ਼ਾਂ ਤੇ ਸਮੁੰਦਰੀ ਸੀਮਾ ਉਲੰਘਣ ਉੱਤੇ 14 ਜੰਗੀ ਬੇੜਿਆਂ ਨੂੰ ਚਿਤਾਵਨੀ ਵੀ ਜਾਰੀ ਕਰ ਦਿੱਤੀ ਸੀ।

ਸਿਨਹੂਆ ਨਿਊਜ਼ ਏਜੰਸੀ ਮੁਤਾਬਕ ਵੀਰਵਾਰ ਸ਼ੁਰੂ ਹੋਈਆਂ ਜੰਗੀ ਐਕਸਰਸਾਈਜ਼ਐਤਵਾਰ ਦੁਪਹਿਰ ਪੂਰੀਆਂ ਹੋਈਆਂ, ਪਰ ਚੀਨ ਨੇ ਇਸ ਦਾ ਐਲਾਨ ਨਹੀਂ ਕੀਤਾ।ਤਾਈਵਾਨ ਨੇ ਕਿਹਾ ਹੈ ਕਿ ਚੀਨੀਐਕਸਰਸਾਈਜ਼ਮੁਕੰਮਲ ਹੋ ਗਈਆਂ ਹਨ, ਪਰ ਉਹ ਇਸ ਦੀ ਪੁਸ਼ਟੀ ਨਹੀਂ ਕਰ ਸਕਦੇ। ਚੀਨ ਦੀਆਂ ਫ਼ੌਜੀ ਐਕਸਰਸਾਈਜ਼ਦੇਖ ਕੇ ਤਾਈਵਾਨ ਨੇ ਆਪਣੇ ਹਵਾਈ ਖੇਤਰ ਵਿੱਚ ਸਾਰੇ ਦੇਸ਼ਾਂ ਦੇ ਯਾਤਰੀ ਜਹਾਜ਼ ਰੋਕਦਿੱਤੇ ਸਨ। ਅੱਜ ਐਤਵਾਰ ਸ਼ਾਮ ਮਗਰੋਂ ਉਹ ਸਾਰੇ ਫਿਰ ਚਲਾਉਣ ਦਾ ਸੰਕੇਤ ਜਾਰੀ ਕਰ ਦਿੱਤਾ ਹੈ, ਪਰ ਇਸ ਪਾਸੇ ਤਨਾਅ ਹਾਲੇ ਵੀ ਕਾਇਮ ਹੈ।



ਅਕਾਲੀ ਦਲ ਵਿੱਚ ਕੁੜੱਤਣਾਂ !

# ਮਨਪ੍ਰੀਤ ਇਆਲੀ ਨੇ ਕਿਹਾ: ‘ਮੈਂ ਆਪਣੇ ਸਟੈਂਡ ਉੱਤੇ ਕਾਇਮ ਹਾਂ’

ਚੰਡੀਗੜ੍ਹ, 7 ਅਗਸਤ, (ਪੋਸਟ ਬਿਊਰੋ)- ਪੰਜਾਬ ਦੇ ਹਲਕਾ ਦਾਖਾ ਤੋਂ ਅਕਾਲੀ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨੇ ਇੱਕਵਾਰ ਫਿਰ ਵੀਡੀਓ ਜਾਰੀ ਕਰ ਕਿਹਾ ਹੈ ਕਿ ਅਕਾਲੀ ਦਲ ਦੀ ਲੀਡਰਸ਼ਿਪ ਸਣੇ ਸਭ ਮੁੱਦਿਆਂ ਉੱਤੇ ਆਪਣੇ ਉਸੇ ਸਟੈਂਡ ਉੱਤੇ ਕਾਇਮ ਹਨ। ਉਨ੍ਹਾਂ ਨੇ ਸਹਿਯੋਗ ਦੇਣ ਲਈ ਲੋਕਾਂ ਦਾ ਧੰਨਵਾਦ ਕੀਤਾ ਹੈ। ਵਰਨਣ ਯੋਗ ਹੈ ਕਿ ਮਨਪ੍ਰੀਤ ਸਿੰਘ ਇਆਲੀ ਨੇ ਰਾਸ਼ਟਰਪਤੀ ਚੋਣ ਦਾ ਬਾਈਕਾਟ ਕੀਤਾ ਅਤੇ ਅਕਾਲੀ ਦਲ ਦੇ ਖਿਲਾਫ ਬਾਗੀ ਸੁਰਾਂ ਵਿਖਾਈਆਂ ਸਨ। ਉਨ੍ਹਾਂ ਕਿਹਾ ਸੀ ਕਿ ਉਨ੍ਹਾਂ ਦਾ ਮਕਸਦ ਸਿਰਫ ਅਕਾਲੀ ਦਲ ਨੂੰ ਮਜ਼ਬੂਤ ਕਰਨਾ ਹੈ।

ਅੱਜ ਫਿਰ ਮਨਪ੍ਰੀਤ ਸਿੰਘ ਇਆਲੀ ਨੇ ਫੇਸਬੁੱਕ ਉੱਤੇ ਇਕ ਵੀਡੀਓ ਸ਼ੇਅਰ ਕਰ ਕੇ ਲਿਖਿਆ ਹੈ, ‘ਮੈਂ ਅੱਜ ਵੀ ਆਪਣੇ ਸਟੈਂਡ ਉੱਤੇ ਕਾਇਮ ਹਾਂ, ਮੇਰਾ ਇੱਕੋ ਮਕਸਦ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਕਰਨਾ ਹੈ, ਰਾਸ਼ਟਰਪਤੀ ਦੀ ਚੋਣ ਦੇ ਬਾਈਕਾਟ ਦੇ ਫੈਸਲੇ ਦਾ ਸਹਿਯੋਗ ਦੇਣ ਲਈ ਆਪ ਸਭ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ।’

ਇਸ ਤੋਂ ਪਹਿਲਾਂ ਮਨਪ੍ਰੀਤ ਸਿੰਘ ਇਆਲੀ ਨੇ ਐਲਾਨ ਕੀਤਾ ਸੀ ਕਿ ਉਹ ਰਾਸ਼ਟਰਪਤੀ ਚੋਣ ਲਈ ਅਕਾਲੀ ਦਲ ਦੇ ਫੈਸਲੇ ਮੁਤਾਬਕ ਭਾਜਪਾ ਉਮੀਦਵਾਰ ਦ੍ਰੋਪਦੀ ਮੁਰਮੂ ਨੂੰ ਵੋਟ ਨਹੀਂ ਪਾਉਣਗੇ। ਓਦੋਂ ਫੇਸਬੁੱਕ ਉੱਤੇ ਵੀਡੀਓ ਸੰਦੇਸ਼ ਜਾਰੀ ਕਰ ਕੇ ਮਨਪ੍ਰੀਤ



ਸਿੰਘ ਇਆਲੀ ਨੇ ਲਿਖਿਆ ਸੀ: ‘ਸਿੱਖ ਕੌਮ ਦੀਆਂ ਭਾਵਨਾਵਾਂ, ਪੰਜਾਬ ਦੇ ਮੁੱਦਿਆਂ ਤੇ ਆਪਣੀ ਜ਼ਮੀਰ ਦੀ ਆਵਾਜ਼ ਸੁਣਦੇ ਹੋਏ ਅੱਜ ਰਾਸ਼ਟਰਪਤੀ ਚੋਣ ਵਿੱਚ ਮੈਂ ਕਿਸੇ ਪਾਰਟੀ ਉਮੀਦਵਾਰ ਨੂੰ ਵੋਟ ਨਹੀਂ ਪਾ ਰਿਹਾ।’ ਉਨ੍ਹਾ ਕਿਹਾ ਸੀ: ‘ਉਮੀਦਵਾਰ ਨੂੰ ਸਮੱਰਥਨ ਦੇਣ ਦਾ ਫੈਸਲਾ ਕਰਨੋਂ ਪਹਿਲਾਂ ਮੈਨੂੰ ਨਹੀਂ ਪੁੱਛਿਆ ਗਿਆ। ਸਾਡੇ ਬਹੁਤ ਸਾਰੇ ਮੁੱਦੇ ਭਾਜਪਾ ਨਾਲ ਗੱਠਜੋੜ ਵਿੱਚ ਵੀ ਹੱਲ ਨਹੀਂ ਹੋਏ।।’ਓਦੋਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਭਾਜਪਾ ਦੇ ਐੱਨ ਡੀ ਏ ਗੱਠਜੋੜ ਦੀ ਉਮੀਦਵਾਰ ਦ੍ਰੋਪਦੀ ਮੁਰਮੂ ਦਾ ਸਮੱਰਥਨ ਕੀਤਾ ਸੀ, ਪਰ ਅਕਾਲੀ ਦਲ ਦੇ ਤਿੰਨ ਵਿਧਾਇਕਾਂ ਵਿੱਚੋਂ ਮਨਪ੍ਰੀਤ ਸਿੰਘ ਇਆਲੀ ਨੇ ਬਾਗੀ ਸੁਰ ਦਿਖਾਉਂਦੇ ਹੋਏ ਪਾਰਟੀ ਪ੍ਰਧਾਨ ਦੀ ਗੱਲ ਨਹੀਂ ਸੀ ਮੰਨੀ ਅਤੇ ਉਸ ਮੌਕੇ ਅਕਾਲੀ ਦਲ ਦੀ ਹਾਰ ਪਿੱਛੋਂ ਬਣਾਈ ਗਈ ਇਕਬਾਲ ਸਿੰਘ ਝੂੰਦਾਂ ਕਮੇਟੀ ਦੀ ਰਿਪੋਰਟ ਲਾਗੂ ਕਰਨ ਦੀ ਮੰਗ ਵੀ ਚੁੱਕ ਦਿੱਤੀ ਸੀ, ਜਿਸ ਵਿੱਚ ਵਰਕਰਾਂ ਵੱਲੋਂ ਪਾਰਟੀ ਲੀਡਰਸ਼ਿਪ ਬਦਲਣ ਦੀ ਗੱਲ ਕਹੀ ਗਈ ਸੀ।

# ਪੰਜਾਬ ਵਿੱਚ 1178 ਕਰੋੜ ਰੁਪਏ ਦਾ ਖੇਤੀ ਘੁਟਾਲਾ ਉੱਭਰਿਆ

* 15 ਜ਼ਿਲਿਆਂ ਦੇ ਅਧਿਕਾਰੀ ਰਿਪੋਰਟ ਪੇਸ਼ ਨਹੀਂ ਕਰ ਰਹੇ

ਚੰਡੀਗੜ੍ਹ, 7 ਅਗਸਤ, (ਪੋਸਟ ਬਿਊਰੋ)- ਪੰਜਾਬ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੇਲੇ ਹੋਇਆ ਖੇਤੀ-ਮਸ਼ੀਨਰੀ ਸਬਸਿਡੀ ਘੁਟਾਲਾ ਲਗਾਤਾਰ ਚਰਚਾ ਵਿੱਚ ਹੈ ਅਤੇ1,178 ਕਰੋੜ ਰੁਪਏ ਦਾ ਇਹ ਘੁਟਾਲਾ ਅਧਿਕਾਰੀਆਂ ਦੇ ਗਲੇ ਵਿੱਚ ਹੱਡੀ ਵਾਂਗ ਫਸਦਾ ਜਾਪਦਾ ਹੈ।ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਪਿੱਛੋਂ ਇਸ ਦਾ ਪਤਾ ਲੱਗਣ ਉੱਤੇ ਜਦੋਂ ਰਿਪੋਰਟ ਮੰਗੀ ਤਾਂ ਪੰਜਾਬ ਦੇ 23 ਵਿੱਚੋਂ 15 ਜ਼ਿਲ੍ਹਿਆਂ ਨੇ ਅੰਤਿਮ ਮਿਤੀ ਦੇ ਤਿੰਨ ਹਫ਼ਤੇ ਬਾਅਦਵੀ ਜਵਾਬ ਨਹੀਂ ਦਿੱਤਾ।ਬੀਤੇ ਸ਼ੁੱਕਰਵਾਰ ਭੇਜੇ ਸੰਦੇਸ਼ ਵਿੱਚ ਖੇਤੀਬਾੜੀ ਵਿਭਾਗ ਨੇ 15 ਜ਼ਿਲ੍ਹਾ ਅਧਿਕਾਰੀਆਂ ਨੂੰ ਸੋਮਵਾਰ ਤੱਕ ਇਸ ਦੀ ਰਿਪੋਰਟ ਭੇਜਣ ਜਾਂ ਅਨੁਸ਼ਾਸਨੀ ਕਾਰਵਾਈ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ ਨੂੰ ਕਿਹਾ ਹੈ।



ਵਰਨਣ ਯੋਗ ਹੈ ਕਿ ਪਰਾਲੀ ਸਾੜਨਤੋਂ ਰੋਕਣ ਲਈ ਕੇਂਦਰ ਦੀ ਸਰਕਾਰ ਫਸਲਾਂ ਦੀ ਰਹਿੰਦ-ਖੂੰਹਦ ਸੰਭਾਲਣ ਦੀ ਸਕੀਮ ਹੇਠ ਲੋੜੀਂਦੀ ਵਿਸ਼ੇਸ਼ ਮਸ਼ੀਨਰੀ ਖਰੀਦਣ ਵਾਸਤੇ ਕਿਸਾਨਾਂ ਨੂੰ ਚਾਰ ਸਾਲਾਂ (2018-19 ਤੋਂ 2021-22) ਵਿੱਚ 1,178 ਕਰੋੜ ਰੁਪਏ ਦੀ ਸਬਸਿਡੀ ਭੇਜੀ ਸੀ। ਜਿਹੜੇ ਬੈਂਕਾਂ ਜਾਂ ਸੋਸਾਈਟੀਜ਼ ਨੇ ਕਿਸਾਨਾਂ ਨੂੰ ਮਸ਼ੀਨਾਂ ਕਿਰਾਏ ਉੱਤੇ ਦੇਣੀਆਂ ਸਨ, ਉਨ੍ਹਾਂ ਦੀ ਵੱਡੀ ਗਿਣਤੀ ਵਿੱਚ ਇਹ ਸਕੀਮਾਂਕਾਗਜ਼ਾਂ ਉੱਤੇ ਰਹਿ ਗਈਆਂ ਅਤੇ ਅਧਿਕਾਰੀਆਂ ਅਤੇ ਸਿਆਸੀ ਆਗੂਆਂ ਨੇਇਸ ਸਬਸਿਡੀ ਦੀ ਰਕਮ ਦਾਗਬਨ ਕਰ ਲਿਆ ਦੱਸਿਆ ਜਾਂਦਾ ਹੈ।

ਪੰਜਾਬ ਸਰਕਾਰ ਨੇ ਬੀਤੀ 1 ਜੁਲਾਈ ਨੂੰ ਕੇਂਦਰ ਸਰਕਾਰ ਦੀ ਸਬਸਿਡੀ ਨਾਲ ਰਾਜ ਵਿੱਚ ਖਰੀਦੀਆਂ 90,000 ਮਸ਼ੀਨਾਂ ਵਿੱਚੋਂ ਹਰ ਇੱਕ ਦਾ ਆਡਿਟ ਤੇ ਫਿਜ਼ੀਕਲ ਵੈਰੀਫਿਕੇਸ਼ਨ ਦੇ ਹੁਕਮ ਹੋਏ ਸਨ। ਜ਼ਿਲਾ ਅਫਸਰਾਂ ਨੂੰ ਲਾਭਪਾਤਰੀ ਦਾ ਨਾਂ, ਪਿੰਡ ਦਾ ਨਾਂ, ਕਿਸਾਨ ਨੂੰ ਮਿਲੀ ਸਬਸਿਡੀ ਦੀ ਰਕਮ, ਉਸ ਦਾ ਆਧਾਰ ਨੰਬਰ ਅਤੇ ਮਸ਼ੀਨ ਦਾ ਵੇਰਵਾ ਦੇਣ ਦੇ ਨਾਲ ਇਹ ਪੁੱਛਿਆ ਗਿਆ ਸੀ ਕਿ ਮਸ਼ੀਨ ਮੌਜੂਦਵੀ ਹੈ ਜਾਂ ਨਹੀਂ। ਇਹ ਵੈਰੀਫਿਕੇਸ਼ਨ 15 ਦਿਨਾਂ ਵਿੱਚ ਪੂਰੀ ਹੋਣੀ ਸੀ।ਪੰਜਾਬ ਦੇ 23 ਜ਼ਿਲ੍ਹਿਆਂ ਵਿੱਚੋਂ ਕੁੱਲ ਅੱਠਾਂ ਦੇ ਅਫਸਰਾਂ ਨੇ ਵੇਰਵੇ ਭੇਜੇ ਹਨ, ਜਿਨ੍ਹਾਂ ਵਿੱਚ ਅੰਮ੍ਰਿਤਸਰ, ਹੁਸ਼ਿਆਰਪੁਰ, ਗੁਰਦਾਸਪੁਰ, ਲੁਧਿਆਣਾ, ਪਠਾਨਕੋਟ, ਐਸਬੀਐਸ ਨਗਰ, ਐਸਏਐਸ ਨਗਰ ਅਤੇ ਤਰਨਤਾਰਨ ਸ਼ਾਮਲ ਹਨ। ਬਾਕੀ 15 ਜ਼ਿਲ੍ਹਿਆਂ ਦੇ ਅਫਸਰਾਂ ਦੇ ਵਿਹਾਰ ਦਾ ਨੋਟਿਸ ਲੈਂਦਿਆਂ ਖੇਤੀਬਾੜੀ ਵਿਭਾਗ ਨੇ ਉਨ੍ਹਾਂ ਨੂੰ ਤੁਰੰਤ ਰਿਪੋਰਟ ਦੇਣ ਜਾਂ ਅਨੁਸ਼ਾਸਨੀ ਕਾਰਵਾਈ ਲਈ ਤਿਆਰ ਰਹਿਣ ਨੂੰ ਕਿਹਾ ਹੈ।

## ਅ ਅੱਜ ਨਾਮਾ >>

ਟੁੱਟਿਆ ਸੋਕਾ ਬਈ ਖੇਡ ਮੈਦਾਨ ਦੇ ਵਿੱਚ,
ਹੋਈ ਭਾਰਤ ਦੀ ਥੋੜ੍ਹੀ ਜਿਹੀ ਚੜ੍ਹਤ ਬੇਲੀ।
ਵੱਖ-ਵੱਖ ਖੇਡਾਂ ਦੇ ਮਿਲੇ ਕਈ ਸੋਨ ਤਮਗੇ,
ਨਵੇਂ ਖਿਡਾਰੀਆਂ ਦੀ ਦਿੱਸਦੀ ਬੜ੍ਹਤ ਬੇਲੀ।
ਅਖਬਾਰ ਅੱਧੀ ਕੁ ਪੜ੍ਹਦੇ ਸੀ ਲੋਕ ਪਹਿਲਾਂ,
ਹੋਈ ਫਿਰ ਖੇਡਾਂ ਦੇ ਸਫੇ ਤੱਕ ਪੜ੍ਹਤ ਬੇਲੀ।
ਧੜਾ-ਧੜ ਤਮਗਿਆਂ ਦਾ ਲੱਗੀ ਢੇਰ ਜਾਂਦਾ,
ਹੱਥੀਂ ਤਮਗਾ ਖਿਡਾਰੀ ਜਿਉਂ ਘੜਤ ਬੇਲੀ।
ਸਦਾ ਹੀ ਨਿੰਦਾ ਰਹੀ ਹੁੰਦੀ ਖਿਡਾਰੀਆਂ ਦੀ,
ਆਇਆ ਕੁਝ ਮਸਾਂ ਸੁਹਾਵਣਾ ਦੌਰ ਬੇਲੀ।
ਪਹਿਲੀ ਵਾਰੀ ਖਿਡਾਰੀ ਕਈ ਇੰਜ ਜਾਪਣ,
ਯੇ ਦਿਲ ਮਾਂਗੇ ਜਿਉਂ ਮੋਰ ਬਸ ਮੋਰ ਬੇਲੀ।

**ਤੀਸ ਮਾਰ ਖਾਂ**


# ਰਮਾਇਣ ਮੁਕਾਬਲਾ ਇਸਲਾਮੀ ਸਟੱਡੀਜ਼ ਦੇ 2 ਮੁਸਲਿਮ ਨੌਜਵਾਨਾਂ ਨੇ ਜਿੱਤ ਲਿਆ

ਥਿਰੂਵਾਨੰਥਾਪੁਰਮ, 7 ਅਗਸਤ, (ਪੋਸਟ ਬਿਊਰੋ)- ਇੱਕ ਪਾਸੇ ਜਦੋਂ ਭਾਰਤਵਿੱਚ ਭਾਈਚਾਰਕ ਸਾਂਝ ਬਾਰੇ ਅੱਜਕੱਲ੍ਹ ਕੁੜੱਤਣ ਦੇਖੀ ਜਾ ਰਹੀ ਹੈ, ਓਦੋਂਕੇਰਲ ਵਿੱਚ ਦੋ ਮੁਸਲਿਮ ਨੌਜਵਾਨ, ਜੋ ਇਸਲਾਮਿਕ ਸਟੱਡੀਜ਼ ਦੇ ਵਿਦਿਆਰਥੀ ਹਨ, ਰਾਮਾਇਣ ਦੇ ਮੁਕਾਬਲੇ ਵਿੱਚਸ਼ਾਮਲ ਹੋਣ ਅਤੇ ਜਿੱਤਣ ਨਾਲ ਚਰਚਾ ਵਿੱਚ ਆ ਗਏ ਹਨ।

ਇਹ ਰਾਮਾਇਣ ਮੁਕਾਬਲਾ ਮੱਲਾਪੁਰਮ ਦੇ ਦੋ ਮੁਸਲਿਮ ਵਿਦਿਆਰਥੀਆਂ ਮੁਹੰਮਦ ਜਬੀਰ ਪੀਕੇ ਅਤੇ ਮੁਹੰਮਦ ਬਸਿਤ ਐਮ ਨੇ ਜਿੱਤਿਆ ਹੈ। ਦੋਵਾਂ ਨੇ ਰਾਮਾਇਣ ਬਾਰੇ ਆਨਲਾਈਨ ਕੁਇਜ਼ ਜਿੱਤੀ, ਜਿਸ ਵਿੱਚ ਇੱਕ ਹਜ਼ਾਰ ਤੋਂ ਵੱਧ ਲੋਕ ਸ਼ਾਮਲ ਸਨ।ਦੋਵੇਂ ਨੌਜਵਾਨ ਕੇਕੇਐਚਐਮ ਇਸਲਾਮਿਕ ਅਤੇ ਆਰਟਸ ਕਾਲਜ ਵਲੇਨਚੇਰੀ ਵਿੱਚ ਇਸਲਾਮਿਕ ਸਟੱਡੀਜ਼ ਕਰਦੇ ਹਨ। ਰਾਮਾਇਣ ਵਿੱਚੋਂ ਦੋਵਾਂ ਦੀ ਮਨਪਸੰਦ ਕਵਿਤਾ ਅਯੋਧਿਆਕਾਂਡ ਹੈ, ਜੋ ਲਕਸ਼ਮਣ ਦੇ ਗੁੱਸੇ ਅਤੇ ਭਗਵਾਨ ਰਾਮ ਵੱਲੋਂ ਆਪਣੇ ਭਰਾ ਨੂੰ ਦਿੱਤੀ ਤਸੱਲੀ ਬਾਰੇ ਹੈ, ਜਦੋਂ ਭਗਵਾਨ ਰਾਮ ਰਾਜ ਅਤੇ ਸ਼ਕਤੀ ਦੀ ਵਿਅਰਥਤਾ ਬਾਰੇ ਦੱਸਦੇ ਹਨ। ਦੋਵੇਂ ਨੌਜਵਾਨ ਥੁਨਚਾਥੂ ਰਾਮਾਨੁਜਨ ਇਜ਼ੂਥਾਚਨ ਦੇ ਮਹਾਂ-ਕਾਵਿ ‘ਅਧਿਆਤਮਾ ਰਾਮਾਇਣਮ’ ਦੇ ਮਲਿਆਲਮ ਐਡੀਸ਼ਨ ਨੂੰ ਚੰਗੀ ਤਰ੍ਹਾਂ ਤੇ ਸੁਰੀਲੇ ਢੰਗ ਨਾਲ ਸੁਣਾਉਂਦੇ ਤੇ ਵਿਸਥਾਰ ਨਾਲਅਰਥ ਦੱਸਦੇ ਹਨ।ਦੋਵਾਂ ਨੇ ਇਸ ਮਹਾਂ-ਕਾਵਿ ਦਾ ਡੂੰਘਾਈ ਨਾਲ ਅਧਿਐਨ ਕੀਤਾ ਹੋਣ ਕਾਰਨ ਇਹ ਮੁਕਾਬਲਾ ਜਿੱਤਿਆ ਹੈ।

ਮਿਲੀ ਜਾਣਕਾਰੀ ਮੁਤਾਬਕ ਇਹ ਮੁਕਾਬਲਾ ਡੀਸੀ ਬੁੱਕਸ ਪਬਲਿਸ਼ਿੰਗ ਹਾਊਸ ਨੇ ਕਰਾਇਆ ਸੀ। ਬਸਿਤ ਅਤੇ ਜਬੀਰ ਪੰਜਵੇਂ ਅਤੇ ਅੰਤਿਮ ਸਾਲ ਦਾ ਵਿਦਿਆਰਥੀ ਹੈ। ਇਹ ਇਸਲਾਮਿਕ ਤੇ ਆਰਟਸ ਕਾਲਜ ਵਿੱਚ 8-ਸਾਲਾ ਕੋਰਸ ਹੈ। ਮੀਡੀਆਵਿੱਚ ਬਾਸਿਤ ਤੇ ਜਬੀਰ ਦੀ ਕਾਫੀ ਚਰਚਾ ਹੋਈ ਹੈ।।ਦੋਵਾਂ ਨੇ ਦੱਸਿਆ ਕਿ ਉਹ ਬਚਪਨ ਤੋਂ ਇਸ ਮਹਾਂ-ਕਾਵਿ ਬਾਰੇ ਜਾਣਦੇ ਸਨ, ਪਰ ਪੜ੍ਹਾਈ ਦੌਰਾਨ ਉਨ੍ਹਾਂ ਨੇ ਹਿੰਦੂ ਧਰਮ ਦਾ ਡੂੰਘਾਈ ਨਾਲ ਅਧਿਐਨ ਕੀਤਾ ਹੈ।

# ਨੀਤੀ ਆਯੋਗ ਦੀ ਬੈਠਕ ਵਿੱਚ ਭਗਵੰਤ ਮਾਨ ਨੇ ਨਰਿੰਦਰ ਮੋਦੀ ਅੱਗੇ ਪੰਜਾਬ ਦੇ ਅਹਿਮ ਮੁੱਦੇ ਰੱਖੇ



ਨਵੀਂ ਦਿੱਲੀ, 7 ਅਗਸਤ, (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈਵਿੱਚਅੱਜ ਐਤਵਾਰਦਿੱਲੀਵਿੱਚ ਨੀਤੀ ਆਯੋਗ ਦੀ ਗਵਰਨਿੰਗ ਕੌਂਸਲ ਦੀਬੈਠਕ ਰਾਸ਼ਟਰਪਤੀ ਭਵਨ ਦੇ ਸੱਭਿਆਚਾਰਕ ਕੇਂਦਰਵਿੱਚਹੋਈ। ਇਸਵਿੱਚ ਵੱਖ-ਵੱਖ ਰਾਜਾਂ ਦੇ ਮੁੱਖ ਮੰਤਰੀ, ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਲੈਫਟੀਨੈਂਟ ਗਵਰਨਰ ਅਤੇ ਕਈ ਕੇਂਦਰੀ ਮੰਤਰੀ ਸ਼ਾਮਲ ਸਨ। ਇਸ ਬੈਠਕ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਉਚੇਚੇ ਤੌਰ ਉੱਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲੇ ਅਤੇ ਪੰਜਾਬ ਦੇ ਬਹੁਤ ਸਾਰੇ ਮਹੱਤਵ ਪੂਰਨ ਮੁੱਦੇ ਉਭਾਰ ਕੇ ਪੇਸ਼ ਕੀਤੇ।

ਮਿਲੀ ਜਾਣਕਾਰੀ ਅਨੁਸਾਰ ਅੱਜ ਬੈਠਕਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅੱਗੇ ਪੰਜਾਬ ਦੇ ਵੱਖ-ਵੱਖ ਮੁੱਦੇਪੇਸ਼ ਕੀਤੇ। ਉਨ੍ਹਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅੱਗੇ ਪੰਜਾਬ ਦੇ ਕਿਸਾਨਾਂ, ਦਰਿਆਈ ਪਾਣੀਆਂ, ਪੰਜਾਬ ਯੂਨੀਵਰਸਿਟੀ, ਕਿਸਾਨੀ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐੱਮ ਐੱਸ ਪੀ) ਬਾਰੇ ਕੇਂਦਰ ਸਰਕਾਰ ਵੱਲੋਂ ਬਣਾਈ ਗਈ ਕਮੇਟੀਵਿੱਚ ਨੁਮਾਇੰਦਗੀ ਸਮੇਤ ਕਈ ਵੱਡੇ ਮੁੱਦਿਆਂ ਉੱਤੇ ਆਪਣਾ ਪੱਖ ਪੇਸ਼ ਕੀਤਾ ਅਤੇ ਇਨ੍ਹਾਂ ਮੁੱਦਿਆਂ ਦੇ ਛੇਤੀ ਹੱਲ ਦੀ ਅਪੀਲ ਕੀਤੀ।

ਵਰਨਣ ਯੋਗ ਹੈ ਕਿ ਕਈ ਸਾਲਾਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਨੇ ਇਸ ਬੈਠਕਵਿੱਚ ਹਿੱਸਾ ਲਿਆ ਹੈ। ਇਸ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਭਗਵੰਤ ਮਾਨ ਨੇ ਸ਼ਨੀਵਾਰ ਕਿਹਾ ਸੀ ਕਿ ਮੈਂ ਨੀਤੀ ਆਯੋਗ ਦੀ ਬੈਠਕਵਿੱਚ ਸ਼ਾਮਲ ਹੋਣ ਜਾ ਰਿਹਾ ਹਾਂ, ਮੈਂ ਪੰਜਾਬ ਦੇ ਮੁੱਦਿਆਂਦਾ ਹੋਮਵਰਕ ਕੀਤਾ ਹੈ, ਜਿਨ੍ਹਾਂ ਨੂੰ ਬੈਠਕਵਿੱਚ ਚੁੱਕਾਂਗਾ। ਉਨ੍ਹਾਂ ਕਿਹਾ ਸੀ ਕਿ 3 ਸਾਲ ਹੋ ਗਏ, ਪੰਜਾਬ ਤੋਂ ਕਿਸੇ ਨੇ ਨੀਤੀ ਆਯੋਗ ਦੀ ਬੈਠਕਵਿੱਚ ਹਿੱਸਾ ਹੀ ਨਹੀਂ ਲਿਆ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroverCPA Professional Corporation
214-7895 Tranmere Drive, Mississauga ON L5S 1V9

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-218-7043 647-208-7011

ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
How your spouse can join you within 4-6 months
How your parents can join you
How your students & skilled people can come to Canada
How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
CANADIAN GLASS AND WINDOW
Email: tochisangha1@hotmail.com

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਸਟਾਫ ਦੀ ਘਾਟ ਨੂੰ ਸੇਫਟੀ ਦਾ ਮੁੱਦਾ ਦੱਸਕੇ ਏਅਰ ਕੈਨੇਡਾ ਮੁਆਵਜ਼ਾ ਦੇਣ ਤੋਂ ਕਰ ਰਹੀ ਹੈ ਇਨਕਾਰ

ਪੰਨਾ 1 ਦਾ ਬਾਕੀ

ਹੈ ਤੇ ਜਦੋਂ ਇਸ ਤਰ੍ਹਾਂ ਦਾ ਨੋਟੀਫਿਕੇਸ਼ਨ ਡਿਪਾਰਚਰ ਤੋਂ ਪਹਿਲਾਂ 14 ਦਿਨਾਂ ਜਾਂ ਇਸ ਤੋਂ ਘੱਟ ਸਮੇਂ ਉੱਤੇ ਆਇਆ ਹੋਵੇ। ਪਰ ਜੇ ਸੇਫਟੀ ਕਾਰਨਾਂ ਕਰਕੇ ਫਲਾਈਟ ਰੱਦ ਕੀਤੀ ਜਾਂਦੀ ਹੈ ਤਾਂ ਅਜਿਹੀ ਸੂਰਤ ਵਿੱਚ ਏਅਰਲਾਈਨਜ਼ ਨੂੰ ਕੋਈ ਰਕਮ ਅਦਾ ਨਹੀਂ ਕਰਨੀ ਹੋਵੇਗੀ।

ਇਸ ਦੌਰਾਨ ਕੈਨੇਡੀਅਨ ਟਰਾਂਸਪੋਰਟੇਸ਼ਨ ਏਜੰਸੀ (ਸੀਟੀਏ), ਜੋ ਕਿ ਕਾਸੀ-ਜੁਡੀਸ਼ੀਅਲ ਫੈਡਰਲ ਬਾਡੀ ਹੈ, ਨੇ ਆਖਿਆ ਕਿ ਸਟਾਫ ਦੀ ਘਾਟ ਨੂੰ ਸੇਫਟੀ ਦਾ ਮੁੱਦਾ ਦੱਸਣਾ ਫੈਡਰਲ ਨਿਯਮਾਂ ਦੀ ਉਲੰਘਣਾ ਹੈ।

# ਸਕਾਰਬਰੋ ਵਿਚ ਵਾਪਰੇ ਹਾਦਸੇ ਵਿਚ ਮੋਟਰਸਾਈਕਲਿਸਟ ਤੇ ਰਾਹਗੀਰ ਜ਼ਖ਼ਮੀ

ਪੰਨਾ 1 ਦਾ ਬਾਕੀ

ਕੈਨੇਡੀ ਦੇ ਦੱਖਣ ਵੱਲ ਮੋਟਰਸਾਈਕਲ ਉੱਤੇ ਜਾ ਰਹੇ 31 ਸਾਲਾ ਵਿਅਕਤੀ ਨੇ ਉਸ ਨੂੰ ਟੱਕਰ ਮਾਰ ਦਿੱਤੀ।

ਪੁਲਿਸ ਨੇ ਦੱਸਿਆ ਕਿ ਮੋਟਰਸਾਈਕਲਿਸਟ ਵੀ ਆਪਣੀ ਬਾਈਕ ਤੋਂ ਹੇਠਾਂ ਡਿੱਗ ਗਿਆ ਤੇ ਉਸ ਦੀ ਹੈਲਮਟ ਵੀ ਉਤਰ ਗਈ। ਪਰ ਬਾਈਕ ਕਾਫੀ ਦੂਰ ਤੱਕ ਆਪਣੇ ਆਪ ਹੀ ਚੱਲਦੀ ਰਹੀ। ਮੋਟਰਸਾਈਕਲਿਸਟ ਦੇ ਚਿਹਰੇ ਤੇ ਕਾਲਰ ਬੋਨ ਆਦਿ ਉੱਤੇ ਸੱਟਾਂ ਲੱਗੀਆਂ ਦੱਸੀਆਂ ਜਾਂਦੀਆਂ ਹਨ ਤੇ ਉਹ ਗੰਭੀਰ ਹਾਲਤ ਵਿੱਚ ਹਸਪਤਾਲ ਵਿੱਚ ਜੇਰੇ ਇਲਾਜ ਹੈ ਜਦਕਿ ਪੈਦਲ ਜਾ ਰਹੇ ਵਿਅਕਤੀ ਦੀ ਹਾਲਤ ਵੀ ਨਾਜ਼ੁਕ ਦੱਸੀ ਜਾਂਦੀ ਹੈ ਤੇ ਉਸ ਨੂੰ ਵੀ ਟਰੌਮਾ ਸੈਂਟਰ ਲਿਜਾਇਆ ਗਿਆ।

# ਛੁਰੇ ਨਾਲ ਚਾਰ ਵਿਅਕਤੀਆਂ ਨੂੰ ਜ਼ਖ਼ਮੀ ਕਰਨ ਵਾਲੇ ਨੂੰ ਪੁਲਿਸ ਨੇ ਮਾਰੀ ਗੋਲੀ


ਪੰਨਾ 1 ਦਾ ਬਾਕੀ

ਪੁਲਿਸ ਨੇ ਦੱਸਿਆ ਕਿ ਇੱਕ ਵਿਅਕਤੀ ਵੱਲੋਂ ਬਿਲਡਿੰਗ ਦੇ ਅੰਦਰ ਹੀ ਚਾਰ ਵਿਅਕਤੀਆਂ ਉੱਤੇ ਹਮਲਾ ਕਰਕੇ ਉਨ੍ਹਾਂ ਨੂੰ ਤੇਜ਼ ਧਾਰ ਹਥਿਆਰ ਨਾਲ ਜ਼ਖ਼ਮੀ ਕਰ ਦਿੱਤਾ ਗਿਆ। ਜਦੋਂ ਪੁਲਿਸ ਅਧਿਕਾਰੀ ਮੌਕੇ ਉੱਤੇ ਪਹੁੰਚੇ ਤਾਂ ਉਸ ਸਮੇਂ ਵੀ ਮਸ਼ਕੂਕ ਕੋਲ ਹਥਿਆਰ ਸੀ। ਪੁਲਿਸ ਨੇ ਦੱਸਿਆ ਕਿ ਹਥਿਆਰ ਛੁਰੇ ਵਰਗਾ ਸੀ ਤੇ ਰਾਤੀਂ 1:30 ਵਜੇ ਪੁਲਿਸ ਨੇ ਟਵਿੱਟਰ ਉੱਤੇ ਦੱਸਿਆ ਕਿ ਉਨ੍ਹਾਂ ਵੱਲੋਂ ਮਸ਼ਕੂਕ ਨੂੰ ਗੋਲੀ ਮਾਰੀ ਗਈ ਹੈ।

ਕੈਨੇਡੀਅਨ ਮਿਊਜ਼ੀਸ਼ੀਅਨ ਐਸ਼ਲੇ ਪੇਟਰ, ਜੋ ਕਿ ਰੌਕਸੀ ਕੈਬਰੇ ਵਿੱਚ ਪਰਫਾਰਮ ਕਰ ਰਹੀ ਸੀ;ਨੇ ਦੱਸਿਆ ਕਿ ਉਨ੍ਹਾਂ ਨੂੰ ਅੱਗ ਲੱਗਣ ਦੀ ਖਬਰ ਮਿਲਣ ਤੋਂ ਬਾਅਦ ਬਿਲਡਿੰਗ ਤੋਂ ਬਾਹਰ ਜਾਣਾ ਪਿਆ। ਇਸ ਦੌਰਾਨ ਪੁਲਿਸ ਨੇ ਦੱਸਿਆ ਕਿ ਮਸ਼ਕੂਕ ਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ ਇਲਾਜ ਲਈ ਹਸਪਤਾਲ ਲਿਜਾਇਆ ਗਿਆ। ਉਨ੍ਹਾਂ ਦੱਸਿਆ ਕਿ ਚਾਰ ਗੰਭੀਰ ਜ਼ਖ਼ਮੀ ਵਿਅਕਤੀਆਂ ਨੂੰ ਵੀ ਹਸਪਤਾਲ ਲਿਜਾਇਆ ਗਿਆ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਔਰਤ ਨਾਲ ਬਦਸਲੂਕੀ ਕਰਨ ਵਾਲਾ ਭਾਜਪਾ ਆਗੂ ਫਰਾਰ

## * ਪਤਨੀ ਸਮੇਤ ਚਾਰ ਜਣੇ ਹਿਰਾਸਤ ਵਿੱਚ



ਨੋਇਡਾ, 7 ਅਗਸਤ (ਪੋਸਟ ਬਿਊਰੋ)- ਰਾਜਧਾਨੀ ਦਿੱਲੀ ਨਾਲ ਲੱਗਦੇ ਨੋਇਡਾ ਵਿੱਚ ਇੱਕ ਔਰਤ ਨਾਲ ਬਦਸਲੂਕੀ ਕਰਨ ਅਤੇ ਧੱਕੇ ਮਾਰਨ ਦੇ ਦੋਸ਼ ਹੇਠ ਭਾਰਤੀ ਜਨਤਾ ਪਾਰਟੀ ਦੇ ਇੱਕ ਨੇਤਾ ਵਿਰੁੱਧ ਪੁਲਸ ਨੇ ਕੇਸ ਦਰਜ ਕਰ ਲਿਆ ਹੈ। ਉਕਤ ਵਿਅਕਤੀ ਭਾਜਪਾ ਦੇ ਕਿਸਾਨ ਮੋਰਚੇ ਦਾ ਆਗੂ ਸ੍ਰੀਕਾਂਤ ਤਿਆਗੀ ਦੱਸਿਆ ਜਾਂਦਾ ਹੈ।

ਭਾਜਪਾ ਦੀ ਲੋਕਲਯੂਨਿਟ ਨੇ ਤਿਆਗੀ ਦਾ ਭਾਜਪਾ ਮੈਂਬਰ ਹੋਣਾ ਗਲਤ ਕਿਹਾ ਹੈ। ਇਸ ਘਟਨਾ ਪਿੱਛੋਂ ਤਿਆਗੀ ਫਰਾਰ ਦੱਸਿਆ ਜਾਂਦਾ ਹੈ। ਪੁਲਸ ਨੇ ਉਸ ਦੀ ਪਤਨੀ, ਭਰਾ ਤੇ ਡਰਾਈਵਰ ਸਣੇ ਚਾਰ ਜਣਿਆਂ ਨੂੰ ਹਿਰਾਸਤ ਵਿੱਚ ਲਿਆ ਅਤੇ ਉਸ ਦੀਆਂ ਚਾਰ ਮੋਟਰ ਗੱਡੀਆਂ ਨੂੰ ਜ਼ਬਤ ਕੀਤਾ ਹੈ। ਸੋਸ਼ਲ ਮੀਡੀਆ ਉੱਤੇ ਤੇਜ਼ੀ ਨਾਲ ਵਾਇਰਲ ਹੋ ਰਹੀਇੱਕ ਵੀਡੀਓ ਵਿੱਚ ਸ੍ਰੀਕਾਂਤ ਇੱਕ ਔਰਤ ਨਾਲ ਗਾਲੀ ਗਲੋਚ ਕਰਦਾ ਅਤੇ ਧੱਕਾ ਮਾਰ ਕੇ ਕੁੱਟਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਹ ਵੀਡੀਓ ਸੋਸ਼ਲ ਮੀਡੀਆ ਉੱਤੇ ਵਾਇਰਲ ਹੋਣ ਪਿੱਛੋਂ ਪੁਲਸ ਹਰਕਤ ਵਿੱਚ ਆਈ ਅਤੇ ਉਸ ਨੇ ਤਿਆਗੀ ਦੀ ਭਾਲ ਸ਼ੁਰੂ ਕਰ ਦਿਤੀ। ਵਰਨਣ ਯੋਗ ਹੈ ਨੋਇਡਾ ਦੇ ਸੈਕਟਰ 93 ਦੀ ਇੱਕ ਸੋਸਾਈਟੀ ਵਿੱਚ ਤਿਆਗੀ ਬੂਟੇ ਲਾਉਣਾ ਚਾਹੁੰਦਾ ਸੀ, ਪਰ ਉਸ ਔਰਤ ਨੇ ਨਿਯਮਾਂ ਦੀ ਉਲੰਘਣਾ ਦੱਸ ਕੇ ਇਸ ਦਾ ਵਿਰੋਧ ਕੀਤਾ ਸੀ। ਤਿਆਗੀ ਦਾ ਦਾਅਵਾ ਸੀ ਕਿ ਬੂਟੇ ਲਾਉਣ ਦਾ ਉਸ ਨੂੰ ਅਧਿਕਾਰ ਹੈ। ਇਸ ਦੌਰਾਨ ਤਿਆਗੀ ਔਰਤ ਪ੍ਰਤੀ ਅਪਸ਼ਬਦਾਂ ਦੀ ਵਰਤੋਂ ਕਰਦਾ ਹੈ।ਕੌਮੀ ਮਹਿਲਾ ਕਮਿਸ਼ਨ ਨੇ ਸ੍ਰੀਕਾਂਤ ਤਿਆਗੀ ਦੀ ਗ੍ਰਿਫਤਾਰੀ ਦੀ ਮੰਗ ਕੀਤੀ ਹੈ।

# ਆਯੂਸ਼ਮਾਨ ਭਾਰਤ ਯੋਜਨਾ ਵਿੱਚ ਪ੍ਰਾਈਵੇਟ ਹਸਪਤਾਲਾਂ ਦੇ ਫਰਾਡੀਏ ਨੰਗੇ ਹੋ ਗਏ

## * ਪੰਜਾਬ ਸਰਕਾਰ ਨੇ 250 ਕਰੋੜ ਰੁਪਏ ਦੀ ਪੇਮੈਂਟ ਰੋਕੀ

ਚੰਡੀਗੜ੍ਹ, 7 ਅਗਸਤ, (ਪੋਸਟ ਬਿਊਰੋ)-ਪੰਜ ਲੱਖ ਰੁਪਏ ਤੱਕ ਬਿਨਾਂ ਕੋਈ ਨਕਦ ਪੈਸਾ ਲਏ ਆਮ ਲੋਕਾਂ ਦੇ ਮੁਫਤ ਇਲਾਜ ਵਾਲੀ ਆਯੂਸ਼ਮਾਨ ਭਾਰਤ ਯੋਜਨਾ ਵਿੱਚ ਝੂਠੇ ਬੀਮਾ ਕਲੇਮ ਪਤਾ ਲੱਗਣ ਪਿੱਛੋਂ ਪੰਜਾਬ ਸਰਕਾਰ ਨੇ ਪ੍ਰਾਈਵੇਟ ਹਸਪਤਾਲਾਂ ਦੇ ਕਰੀਬ 250 ਕਰੋੜ ਰੁਪਏ ਦੇ ਬਕਾਏ ਦੀ ਅਦਾਇਗੀ ਰੋਕ ਦਿੱਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਪੰਜਾਬ ਵਿੱਚ 4,812 ਦਾਅਵੇ ਇਹੋ ਜਿਹੇ ਸਨ, ਜਿਨ੍ਹਾਂ ਵਿੱਚ ਬੇਨਿਯਮੀ ਸੀਅਤੇ ਝੂਠੇ ਹਨ।ਪੰਜਾਬ ਸਰਕਾਰ ਨੇ ਫਰਜ਼ੀ ਦਾਅਵੇ ਪੇਸ਼ ਕਰਨ ਵਾਲੇ ਹਸਪਤਾਲਾਂ ਵਿਰੁੱਧਕਾਰਵਾਈ ਸ਼ੁਰੂ ਕਰ ਦਿੱਤੀ ਹੈ ਤੇ ਇਸ ਦੀ ਵਿਜੀਲੈਂਸ ਜਾਂਚ ਹੋ ਸਕਦੀ ਹੈ। ਇਸ ਯੋਜਨਾ ਦੇ ਯੋਗ ਲਾਭਪਾਤਰੀਆਂ ਨੂੰ 5 ਲੱਖ ਰੁਪਏ ਤੱਕ ਕੈਸ਼ਲੈੱਸ ਸਿਹਤ ਬੀਮਾ ਕਵਰ ਮਿਲਦਾ ਹੈ।ਇਸ ਦੌਰਾਨ ਵੱਡੀ ਗਿਣਤੀ ਵਿੱਚ ਝੂਠੇਕੇਸਾਂ ਦਾ ਪਤਾ ਲੱਗਾ ਹੈ। ਪੰਜਾਬ ਵਿਜੀਲੈਂਸ ਨੇ ਇਸ ਸਕੀਮ ਹੇਠਮਾਰਚ 2021 ਵਿੱਚ ਕਰੋੜਾਂ ਰੁਪਏ ਦਾ ਘਪਲਾ ਫੜਿਆ ਸੀ, ਜਿਸ ਵਿੱਚ ਪ੍ਰਾਈਵੇਟ ਹਸਪਤਾਲਾਂ ਨੇ ਸਮਾਰਟ ਹੈਲਥ ਕਾਰਡ ਵਾਲੇ ਲਾਭਪਾਤਰੀ ਮਰੀਜ਼ਾਂ ਦੇ ਇਲਾਜ ਲਈ ਜਾਅਲੀ ਬਿੱਲ ਵਿਖਾ ਕੇ



ਦਾਅਵੇ ਕੀਤੇ ਸਨ।

ਅਜਿਹੇ ਝੂਠੇ ਕੇਸਾਂ ਵਿੱਚੋਂ ਵਿਜੀਲੈਂਸ ਬਿਊਰੋ ਨੂੰ ਇੱਕ ਕੇਸ ਕਪੂਰਥਲਾ ਦੇ ਇੱਕ ਹਸਪਤਾਲ ਦਾ ਮਿਲਿਆ, ਜਿੱਥੇ ਪਿੱਤੇ ਦੇ ਅਪਰੇਸ਼ਨ ਵਾਲੇ ਮਰੀਜ਼ ਨੂੰ ਹਸਪਤਾਲ ਪ੍ਰਬੰਧਕਾਂ ਨੇ ਕਿਹਾ ਕਿ ਸਮਾਰਟ ਕਾਰਡ ਨਾਲ ਉਸ ਦਾ ਇਲਾਜ ਨਹੀਂ ਹੋ ਸਕਦਾ ਅਤੇ ਇਲਾਜ ਲਈ ਉਸ ਉੱਤੇ 25,000 ਰੁਪਏ ਨਕਦ ਜਮ੍ਹਾ ਕਰਾਉਣ ਜਾਂ ਛੇ ਜਾਂ ਸੱਤ ਸਮਾਰਟ ਕਾਰਡ ਦੇਣ ਲਈ ਦਬਾਅ ਪਾਇਆ ਗਿਆ। ਮਜਬੂਰੀ ਵੱਸ ਮਰੀਜ਼ ਦੇ ਪਰਿਵਾਰ ਨੇ ਤਿੰਨ ਸਮਾਰਟ ਕਾਰਡ ਜਮ੍ਹਾਂ ਕਰਵਾਏ, ਜਿਨ੍ਹਾਂ ਦੀ ਦੁਰਵਰਤੋਂ ਕੀਤੀ ਗਈ। ਇੱਕ ਹੋਰ ਕੇਸਵਿੱਚ ਇੱਕ ਨਿੱਜੀ ਹਸਪਤਾਲ ਨੇ ਜਲੰਧਰ ਦੇ ਇੱਕ ਪਿੱਤੇ ਦੀ ਪੱਥਰੀ ਦੇ ਮਰੀਜ਼ ਦੇ ਨਾਮ ਉੱਤੇ 22,000 ਰੁਪਏ ਦਾ ਜਾਅਲੀ ਮੈਡੀਕਲ ਬਿੱਲ ਕਲੇਮ ਕੀਤਾ ਤੇ ਦੱਸਿਆ ਕਿ ਉਹ ਹਸਪਤਾਲ ਦਾਖਲ ਸੀ, ਪਰ ਨਿੱਜੀ ਕਾਰਨਾਂ ਕਰਕੇ ਉਸ ਮਰੀਜ਼ ਦਾ ਅਪਰੇਸ਼ਨ ਹੀ ਨਹੀਂ ਹੋਇਆ ਸੀ।

ਪੰਜਾਬ ਵਿੱਚਇਸ ਸਕੀਮ ਲਈ 682 ਪ੍ਰਾਈਵੇਟ ਅਤੇ 245 ਸਰਕਾਰੀ ਹਸਪਤਾਲ ਲਿਸਟਿਡ ਹਨ। ਪਿਛਲੇ ਕਈ ਦਿਨਾਂ ਤੋਂ ਇਸ ਯੋਜਨਾ ਦਾ ਵਿਵਾਦ ਚੱਲ ਰਿਹਾ ਹੈ।ਚੰਡੀਗੜ੍ਹ ਪੀ ਜੀ ਆਈ ਵੱਲੋਂ ਇਸ ਸਕੀਮ ਹੇਠ ਇਲਾਜ ਬੰਦ ਕਰਨ ਦੀ ਗੱਲ ਸੁਣੀ ਸੀ ਕਿਉਂਕਿ ਸਕੀਮ ਦੇ ਪੈਸੇ ਨਹੀਂ ਆਏ ਸਨ। ਪੰਜਾਬ ਦੇ ਨਾਲ ਹਰਿਆਣਾ ਤੇ ਹਿਮਾਚਲ ਪ੍ਰਦੇਸ਼ਵਿੱਚ ਵੀ ਅਜਿਹੇ ਕੇਸ ਮਿਲੇ ਹਨ। ਹਰਿਆਣਾ ਵਿੱਚ 1349 ਝੂਠੇ ਕੇਸ ਤੇ ਹਿਮਾਚਲ ਵਿੱਚ ਦੋ ਕੇਸ ਮਿਲੇ ਹਨ। ਕੇਂਦਰ ਸਰਕਾਰ ਨੇ ਤਿੰਨਾਂ ਰਾਜਾਂ ਨੂੰ ਫਰਜ਼ੀ ਬਿੱਲ ਭੇਜਣ ਵਾਲਿਆਂ ਵਿਰੁੱਧ ਕਾਰਵਾਈ ਕਰਨ ਲਈ ਕਿਹਾ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਅਗਲੇ ਸਾਲ ਆਯੂਸ਼ਮਾਨ ਸਿਹਤ ਯੋਜਨਾ ਦੀ ਲੋੜ ਹੀ ਨਹੀਂ ਰਹੇਗੀ, ਪੰਜਾਬਦੇ ਮੁਹੱਲਾ ਕਲੀਨਿਕਾਂ ਵਿੱਚ ਮਰੀਜ਼ ਠੀਕ ਹੋਣਗੇ।ਆਯੂਸ਼ਮਾਨ ਯੋਜਨਾ ਕੇਂਦਰ ਤੇ ਰਾਜ ਸਰਕਾਰ ਦੇ ਸਾਂਝੇ ਖਰਚੇ ਉੱਤੇ ਚੱਲਦੀ ਹੈ।ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਖੁਦ ਮਰੀਜ਼ਾਂ ਦਾ ਇਲਾਜ ਕਰੇਗਾ, ਜਿਵੇਂ ਦਿੱਲੀ ਅਤੇ ਪੱਛਮੀ ਬੰਗਾਲ ਵਿੱਚ ਹਰ ਕਿਸੇ ਦਾ ਇਲਾਜ ਮੁਫ਼ਤ ਹੁੰਦਾ ਹੈ।

# ਪੇਸਟ ਬਣਾ ਕੇ ਗੁਦਾ ਵਿੱਚ ਲੁਕਾਇਆ 10 ਲੱਖ ਦਾ ਸੋਨਾ ਏਅਰਪੋਰਟ ’ਤੇ ਫੜਿਆ

ਅੰਮ੍ਰਿਤਸਰ, 7 ਅਗਸਤ (ਪੋਸਟ ਬਿਊਰੋ)- ਕਸਟਮ ਡਿਊਟੀ ਵਿਭਾਗ ਨੇ ਅੰਮ੍ਰਿਤਸਰ ਏਅਰਪੋਰਟ ਉੱਤੇ ਦੁਬਈ ਤੋਂ ਆਏ ਇੱਕ ਤਸਕਰ ਨੂੰ ਗ੍ਰਿਫਤਾਰ ਕਰ ਕੇ ਉਸ ਕੋਲੋਂ 10 ਲੱਖ ਰੁਪਏ ਦਾ ਸੋਨਾ ਬਰਾਮਦ ਕੀਤਾ ਹੈ।

ਤਸਕਰ ਦੀ ਪਛਾਣ ਜਲੰਧਰ ਵਾਸੀ ਗੁਰਮੇਲ ਸਿੰਘ ਵਜੋਂ ਹੋਈ ਹੈ।ਉਸ ਨੇ ਸੋਨੇ ਨੂੰ ਆਪਣੀ ਗੁਦਾ ਵਿੱਚ ਲੁਕਾਅ ਕੇ ਰੱਖਿਆ ਸੀ। ਉਸ ਨੇ ਸੋਨੇ ਦੀ ਪੇਸਟ ਬਣਾਈ ਸੀ ਤਾਂ ਕਿ ਕਿਸੇ ਏਅਰਪੋਰਟ ਉੱਤੇ ਕੋਈ ਮੈਟਲ ਡਿਟੈਕਟਰ ਉਸ ਨੂੰ ਫੜ ਨਾ ਸਕੇ, ਪਰ ਐਕਸ ਰੇਅ ਵਿੱਚ ਉਹ ਫੜਿਆ ਗਿਆ।ਦੋਸ਼ੀ ਨੇ ਸੋਨੇ ਦੀ ਪੇਸਟ ਕੈਪਸੂਲ ਵਿੱਚ ਛਿਪਾ ਕੇ ਆਪਣੀ ਗੁਦਾ ਵਿੱਚ ਪਾਈ ਸੀ ਜਿਸ ਦਾ ਕੁੱਲ ਭਾਰ 188 ਗਰਾਮ ਸੀ। ਕਸਟਮ ਡਿਊਟੀ ਵਿਭਾਗ ਨੇ ਉਸ ਨੂੰ ਹਿਰਾਸਤ ਵਿੱਚ ਲੈ ਕੇ ਪੁੱਛਗਿੱਛ ਸ਼ੁਰੂ ਕਰ ਦਿੱਤੀ ਹੈ। ਗੁਰਮੇਲ ਸਿੰਘ ਏਅਰ ਇੰਡੀਆ ਐਕਸਪ੍ਰੈਸ ਫਲਾਈਟ ਵਿੱਚ ਦੁਬਈ ਤੋਂ ਅੰਮ੍ਰਿਤਸਰ ਪੁੱਜਾ ਸੀ।ਉਸ ਨੇ ਸਾਰੇ ਸਕਿਓਰਿਟੀ ਚੈਕ, ਮੈਟਲ ਡਿਟੈਕਟਰ ਤੇ ਫਿਜੀਕਲ ਤਲਾਸ਼ੀ ਨੂੰ ਪਾਰ ਕਰ ਲਿਆ, ਪਰ ਐਕਸ ਰੇਅ ਮਸ਼ੀਨਤੋਂ ਲੰਘਿਆ ਤਾਂ ਕਸਟਮ ਵਿਭਾਗ ਨੂੰ ਉਸ ਉੱਤੇ ਸ਼ੱਕ ਹੋਇਆ। ਉਸ ਦੇ ਸਰੀਰ ਵਿੱਚ ਕੁਝ ਅਜੀਬ ਜਿਹਾ ਦਿਖਾਈ ਦਿੱਤਾ। ਇਸ ਦੇ ਬਾਅਦ ਗੁਰਮੇਲ ਸਿੰਘ ਨੂੰ ਹਿਰਾਸਤ ਵਿੱਚ ਲੈ ਕੇ ਛਾਣਬੀਣ ਸ਼ੁਰੂ ਕਰ ਦਿੱਤੀ ਗਈ।




## ਉਪ-ਰਾਸ਼ਟਰਪਤੀ ਚੋਣ

# ਐੱਨ ਡੀ ਏ ਗੱਠਜੋੜ ਦੇ ਉਮੀਦਵਾਰ ਜਗਦੀਪ ਧਨਖੜ ਜਿੱਤ ਗਏ



ਨਵੀਂ ਦਿੱਲੀ, 7 ਅਗਸਤ, (ਪੋਸਟ ਬਿਊਰੋ)- ਭਾਰਤ ਦੇ ਉੱਪ ਰਾਸ਼ਟਰਪਤੀ ਦੇ ਅਹੁਦੇ ਦੀ ਅੱਜ ਹੋਈ ਚੋਣਵਿੱਚਕੌਮੀ ਜਮਹੂਰੀ ਗੱਠਜੋੜ (ਐੱਨ ਡੀ ਏ) ਦੇ ਉਮੀਦਵਾਰ ਜਗਦੀਪ ਧਨਖੜ ਜਿੱਤਗਏ ਹਨ। ਉਨ੍ਹਾਂ ਨੂੰ 528 ਵੋਟ ਮਿਲੇ, ਜਦਕਿ ਵਿਰੋਧੀ ਧਿਰ ਦੀ ਉਮੀਦਵਾਰ ਮਾਰ-ਗਰੇਟ ਅਲਵਾ ਨੂੰ 182 ਵੋਟਪਏ ਤੇ ਜਗਦੀਪ ਧਨਖੜ ਨੇ ਮਾਰਗਰੇਟ ਅਲਵਾ ਨੂੰ 346 ਵੋਟਾਂ ਨਾਲ ਹਰਾ ਦਿੱਤਾ। ਇਸ ਮੌਕੇ 780 ਵਿੱਚੋਂ 725 ਪਾਰਲੀਮੈਂਟ ਮੈਂਬਰਾਂ ਨੇ ਉਪ ਰਾਸ਼ਟਰਪਤੀ ਚੋਣ ਵਿੱਚ ਵੋਟ ਦੀ ਵਰਤੋਂ ਕੀਤੀ। ਭਾਜਪਾ ਦੇ ਦੋ ਪਾਰਲੀਮੈਂਟ ਮੈਂਬਰ ਸੰਨੀ ਦਿਓਲ ਅਤੇ ਸੰਜੇ ਧੋਤਰੇ ਸਿਹਤ ਕਾਰਨਾਂ ਕਰਕੇ ਵੋਟ ਨਹੀਂ ਪਾ ਸਕੇ। ਟੀ ਐੱਮ ਸੀ ਦੇ ਸਿਰਫ ਦੋ ਮੈਂਬਰਾਂ ਸ਼ਿਸ਼ਿਰ ਅਧਿਕਾਰੀ ਅਤੇ ਦੁਵੇਂਦੂ ਅਧਿਕਾਰੀ ਨੇ ਵੋਟ ਪਾਈ, ਪਰਟੀਐੱਮਸੀ ਪਾਰਟੀ ਨੇ ਵੋਟਿੰਗ ਦੇ ਬਾਈਕਾਟ ਦਾ ਫ਼ੈਸਲਾਕੀਤਾ ਹੋਇਆਸੀ।ਵਰਨਣ ਯੋਗ ਹੈ ਕਿ ਮੌਜੂਦਾ ਉਪ ਰਾਸ਼ਟਰਪਤੀ ਐੱਮ. ਵੈਂਕਈਆ ਨਾਇਡੂ ਦੀ ਇਸ ਅਹੁਦੇ ਲਈ ਮਿਆਦ 10 ਅਗਸਤ ਨੂੰ ਖ਼ਤਮ ਹੋ ਰਹੀ ਹੈ।

ਅੱਜ ਹੋਈ ਉੱਪ ਰਾਸ਼ਟਰਪਤੀ ਚੋਣ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਭ ਤੋਂ ਪਹਿਲਾਂ ਵੋਟ ਪਾਉਣ ਪਹੁੰਚੇਪਾਰਲੀਮੈਂਟ ਮੈਂਬਰਾਂ ਵਿੱਚ ਸ਼ਾਮਲ ਸਨ। ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਵ੍ਹੀਲਚੇਅਰ ਉੱਤੇਪਾਰਲੀਮੈਂਟ ਭਵਨ ਆਏ ਅਤੇ ਵੋਟ ਅਧਿਕਾਰ ਦੀ ਵਰਤੋਂ ਕੀਤੀ। ਭਾਰਤ ਦੇ ਉੱਪ ਰਾਸ਼ਟਰਪਤੀ ਦੇਸ਼ ਵਿੱਚ ਦੂਸਰਾ ਸਰਬ ਉੱਚ ਸੰਵਿਧਾਨਕ ਅਹੁਦਾ ਹੈ, ਜਿਸ ਦੀ ਚੋਣ ਲਈ ਪਾਰਲੀਮੈਂਟ ਦੇ ਦੋਵਾਂ ਹਾਊਸਾਂ ਦੇ ਮੈਂਬਰ ਵੋਟ ਪਾਉਂਦੇ ਹਨ। ਪੇਸ਼ੇ ਤੋਂ ਵਕੀਲ ਜਗਦੀਪ ਧਨਖੜ 1989 ਵਿੱਚ ਰਾਜਨੀਤੀ ਵਿੱਚ ਸ਼ਾਮਲ ਹੋਏ ਸਨ। ਉਹ ਜੁਲਾਈ 2019 ਵਿੱਚ ਪੱਛਮੀ ਬੰਗਾਲ ਦੇ ਗਵਰਨਰ ਬਣੇ ਤੇ ਉਦੋਂ ਤੋਂ ਮਮਤਾ ਬੈਨਰਜੀ ਸਰਕਾਰ ਨਾਲ ਵਿਗੜੇ ਸੰਬੰਧਾਂ ਨਾਲ ਖਬਰਾਂ ਵਿੱਚ ਰਹੇ ਹਨ। ਉਨ੍ਹਾਂ ਨੇ ਪੱਛਮੀ ਬੰਗਾਲ ਦੇ ਵਜੋਂ ਅਸਤੀਫ਼ਾ ਦੇ ਕੇ ਉੱਪ ਰਾਸ਼ਟਰਪਤੀ ਚੋਣ ਲੜੀ ਹੈ। ਮਾਰਗਰੇਟ ਅਲਵਾ ਵਿਰੋਧੀ ਪਾਰਟੀਆਂਦੇਸਾਂਝਾ ਉਮੀਦਵਾਰ ਸਨ। ਉਹ ਭਾਰਤ ਦੇ ਕੇਂਦਰੀ ਮੰਤਰੀ ਅਤੇ ਰਾਜਸਥਾਨ ਦੇ ਗਵਰਨਰ ਰਹਿ ਚੁੱਕੇ ਸਨ।

# ਪੰਜਾਬ ਦੇ ਸਿੱਖਿਆ ਵਿਭਾਗ ਦੀਆਂ 5994 ਨੌਕਰੀਆਂ ਲਈ ਉਮਰ ਦੀ ਛੋਟ ਦੇਣ ਦਾ ਫੈਸਲਾ

ਚੰਡੀਗੜ੍ਹ, 7 ਅਗਸਤ, (ਪੋਸਟ ਬਿਊਰੋ)-ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਹੈ ਕਿ ਸਿੱਖਿਆ ਪ੍ਰੋਵਾਈਡਰਾਂ/ਸਿੱਖਿਆ ਵਾਲੰਟੀਅਰਾਂ/ਈਜੀਐੱਸ/ਏਆਈਈ ਅਤੇ ਐਸਟੀਆਰ ਵਾਲੰਟੀਅਰਜ਼ ਨੂੰਪੰਜਾਬ ਸਰਕਾਰ ਵੱਲੋਂ ਉਮਰ ਵਿੱਚਦਿੱਤੀ ਗਈ ਛੋਟ ਅਗਲੀਆਂ ਸਭ ਭਰਤੀਆਂ ਉੱਤੇ ਲਾਗੂ ਹੋਵੇਗੀ।

ਵਰਨਣ ਯੋਗ ਹੈ ਕਿ ਪੰਜਾਬ ਸਰਕਾਰ ਨੇਸਿੱਖਿਆ ਵਿਭਾਗ ਹੇਠ ਵੱਖ ਵੱਖ ਸਿੱਖਿਆ ਪ੍ਰੋਵਾਈਡਰਜ/ ਐਜੂਕੇਸ਼ਨ ਵਾਲੰਟੀਅਰਜ਼/ ਈਜੀਐੱਸ/ ਏਆਈਈ ਅਤੇ ਐੱਸ ਟੀ ਆਰ ਵਲੰਟੀਅਰਜ਼ ਨੂੰ ਈ ਟੀ ਟੀ ਟੀਚਰਜ਼ ਦੀ ਸਿੱਧੀ ਭਰਤੀ ਦੀ ਅਰਜ਼ੀ ਦੇਣ ਲਈ ਮਿਥੀ ਉਮਰ ਹੱਦ ਦੀ ਛੋਟ ਦਿੱਤੀਹੈ।ਸਿੱਖਿਆ ਵਲੰਟੀਅਰਜ਼ ਪਿਛਲੇ ਕਈ ਸਾਲਾਂ ਤੋਂ ਉਮਰ ਹੱਦ ਵਿੱਚ ਵਾਧੇ ਦੀ ਮੰਗ ਕਰ ਰਹੇ ਸਨ। ਸਰਕਾਰ ਨੇਸਾਫ ਕਿਹਾ ਹੈ ਕਿ ਉਮਰ ਹੱਦ ਦੀ ਛੋਟ ਅਗਲੀ ਭਰਤੀ ਉੱਤੇਵੀ ਲਾਗੂ ਹੋਵੇਗੀ।ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਮੁਤਾਬਕ ਵਲੰਟੀਅਰਜ਼ ਨੇ ਜਿੰਨੇ ਸਾਲ/ਮਹੀਨੇ ਠੇਕਾ ਆਧਾਰ ਉੱਤੇਸਿੱਖਿਆ ਵਿਭਾਗ ਵਿੱਚ ਕੰਮ ਕੀਤਾ ਹੈ, ਉਨ੍ਹਾਂ ਨੂੰ ਓਨੇ ਸਾਲ ਜਾਂ ਮਹੀਨੇ ਦੀ ਉਤਲੀ ਉਮਰ ਹੱਦ ਦੀ ਛੋਟ ਹੋਵੇਗੀ।ਉਨ੍ਹਾ ਦੱਸਿਆ ਕਿ ਇਹ ਛੋਟ ਪ੍ਰਬੰਧਕੀ ਵਿਭਾਗ ਵਿੱਚ 5994 ਈਟੀਟੀ ਦੀਆਂ ਨੌਕਰੀਆਂ ਦੀ ਭਰਤੀ ਲਈ ਕੇਵਲ ਇੱਕ ਵਾਰ ਮਿਲਗੀ। ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਕੇਸ ਮੁੱਖ ਮੰਤਰੀ ਭਗਵੰਤ ਮਾਨ ਕੋਲ ਰੱਖਿਆ ਸੀ ਤੇ ਹਮਦਰਦੀ ਨਾਲ ਵਿਚਾਰ ਪਿੱਛੋਂ ਮੁੱਖ ਮੰਤਰੀ ਨੇ ਭਰਤੀ ਲਈ ਇੱਕ ਵਾਰਢਿੱਲ ਦਿੱਤੀ ਹੈ। ਇਹ ਕਦਮ ਲਗਭਗ 12,000 ਸਿੱਖਿਆਪ੍ਰੋਵਾਈਡਰਜ਼ ਜਾਂ ਵਲੰਟੀਅਰਾਂ ਨੂੰ ਤਜਰਬੇ ਦੇ ਆਧਾਰ ਉੱਤੇ 5,994 ਈਟੀਟੀ ਨੌਕਰੀਆਂ ਲਈ ਅਰਜ਼ੀ ਦੇਣ ਦੇ ਯੋਗ ਬਣਾਏਗਾ।






# ਘਰੇਲੂ ਹਿੰਸਾ ਦਾ ਸ਼ਿਕਾਰ ਹੁੰਦੀਆਂ ਔਰਤਾਂ

ਹਰਕੀਰਤ ਕੌਰ
9779118066



ਜਦੋਂ ਔਰਤ ਦੀ ਸਿਫ਼ਤ ਵਿੱਚ ਔਰਤ ਦੇ ਗੁਣਾਂ ਦਾ ਜ਼ਕਿਰ ਕਰਦੇ ਹਾਂ ਤਾਂ ਅਸੀਂ ਸਾਰੇ ਬਹੁਤ ਹੀ ਮਾਣ ਨਾਲ ਉਸਨੂੰ ਸ਼ਹਿਣਸ਼ੀਲਤਾ ਦੀ ਦੇਵੀ ਕਹਿ ਸਤਿਕਾਰਦੇ ਹਾਂ। ਕਿੰਨਾ ਵਧੀਆ ਲੱਗਦਾ ਹੈ ਸਮਾਜ ਨੂੰ ਔਰਤ ਦਾ ਸਭ ਕੁੱਝ ਚੁੱਪ ਚਾਪ ਸਹਿੰਦਿਆਂ ਦਾ ਰੂਪ। ਕਿੰਨੇ ਅਫਸੋਸ ਦੀ ਗੱਲ ਹੈ ਕਿ ਸਾਡੇ ਸਮਾਜ ਵਿੱਚ ਉਹਨਾਂ ਔਰਤਾਂ ਨੂੰ ਸਾਊ, ਖਾਨਦਾਨੀ, ਇੱਜ਼ਤਦਾਰ ਤੇ ਸਿਆਣੀਆਂ ਹੋਣ ਦਾ ਖਿਤਾਬ ਦਿੱਤਾ ਜਾਂਦਾ ਹੈ, ਜੋ ਚੁੱਪ ਚਾਪ ਘਰਾਂ ਵਿੱਚ ਸਮਾਜ ਵਿੱਚ ਆਪਣੇ ਨਾਲ ਹੁੰਦੀਆਂ ਵਧੀਕੀਆਂ ਨੂੰ ਸਹਿੰਦੀਆਂ ਹੋਈਆਂ ਆਪਣੇ ਅਰਮਾਨਾਂ ਦਾ ਗਲਾ ਘੁੱਟਦੀਆਂ ਰਹਿਣ, ਜਿੰਨਾਂ ਲਈ ਆਪਣੇ ਸਵੈ ਦੀ ਕੋਈ ਮਹੱਤਤਾ ਨਹੀਂ ਹੈ ਅਤੇ ਜਿੰਨਾਂ ਨੇ ਕਦੇ ਆਪਣੇ ਲਈ ਜਿਊਣਾ ਸਿੱਖਿਆ ਹੀ ਨਹੀਂ।

ਅਸੀਂ ਭਾਵੇਂ ਕਿੰਨੇ ਵੀ ਦਾਅਵੇ ਕਰ ਲਈਏ ਕਿ ਔਰਤਾਂ ਦੀ ਹਾਲਤ ਸੁਧਰ ਗਈ ਹੈ। ਅੱਜ ਔਰਤ ਸੁਤੰਤਰ ਹੈ, ਸੁੱਰਖਿਅਤ ਹੈ, ਪਰ ਇਹ ਸੱਚ ਨਹੀਂ ਹੈ, ਕੈਮਰੇ ਦੀਆਂ ਅੱਖਾਂ, ਇੰਟਰਨੈੱਟ ਦੀ ਦੁਨੀਆਂ, ਅਖਬਾਰਾਂ ਦੀਆਂ ਸੁਰਖੀਆਂ ਦੀ ਪਹੁੰਚ ਤੋਂ ਦੂਰ ਬੈਠੀਆਂ ਅਜਿਹੀਆਂ ਪਤਾ ਨਹੀਂ ਕਿੰਨੀਆਂ ਕੁ ਔਰਤਾਂ ਹਨ ਜੋ ਅੱਜ ਵੀ ਨਿੱਤ ਘਰੇਲੂ ਹਿੰਸਾ ਦਾ ਸ਼ਿਕਾਰ ਹੁੰਦੀਆਂ ਹਨ। ਜਿੰਨਾਂ ਦੇ ਘਰਾਂ ਵਿੱਚ ਅੱਜ ਵੀ ਔਰਤ ਸਿਰਫ਼ ਪੈਰ ਦੀ ਜੁੱਤੀ ਸਮਝੀ ਜਾਂਦੀ ਹੈ ਤੇ ਜਿੰਨਾਂ ਲਈ ਅੱਜ ਵੀ ਕੋਈ ਧਰਤੀ ਦਾ ਹਿੱਸਾ ਆਪਣਾ ਨਹੀਂ। ਹਜ਼ਾਰਾਂ ਲੱਖਾਂ ਅਜਿਹੀਆਂ ਔਰਤਾਂ ਹਨ ਜੋ ਨਿੱਤ ਸਰੀਰਕ ਤੇ ਮਾਨਸਿਕ ਹਿੰਸਾ ਦਾ ਸ਼ਿਕਾਰ ਹੁੰਦੀਆਂ ਹਨ।ਭਾਰਤ ਦੇ ਕਈ ਸੂਬੇ ਅਜਿਹੇ ਹਨ ਜਿੱਥੇ ਮਰਦਾਂ ਦੁਆਰਾ ਘਰ ਦੀਆਂ ਔਰਤਾਂ ਦਾ ਸਰੀਰਕ ਸ਼ੋਸ਼ਣ ਕਰਨਾ, ਮਾਰ ਕੁਟਾਈ ਕਰਨਾ ਉਹਨਾਂ ਦੇ ਨਿੱਤ ਦੇ ਕੰਮਾਂ ਵਿਚੋਂ ਇੱਕ ਹੈ।

ਪਹਿਲਾਂ ਪਹਿਲ ਘਰੇਲੂ ਹਿੰਸਾ ਗਾਲੀ ਗਲੋਚ ਤੋਂ ਸ਼ੁਰੂ ਹੁੰਦੀ ਹੈ, ਔਰਤ ਆਪਣੇ ਸਾਥੀ ਜਾਂ ਪਰਿਵਾਰਿਕ ਮੈਬਰਾਂ ਦਾ ਸਤਿਕਾਰ ਕਰਨਾ ਆਪਣਾ ਫਰਜ਼ ਸਮਝਦੀ ਹੋਈ ਕਦੇ ਵੀ ਇਸਦਾ ਵਿਰੋਧ ਨਹੀਂ ਕਰਦੀ ਅਤੇ ਨਾ ਇਸ ਬਾਰੇ ਕਦੇ ਸੋਚਦੀ , ਹੌਲੀ ਹੌਲੀ ਇਹ ਗਾਲੀ ਗਲੋਚ ਹੱਥ ਚੁੱਕਣ ਤੱਕ ਵੱਧ ਜਾਂਦਾ ਹੈ ਅਤੇ ਫਿਰ ਨਿੱਤ ਦੀ ਆਦਤ ਬਣ ਜਾਂਦਾ ਹੈ। ਬਹੁਤਾਤ ਔਰਤਾਂ ਇਸ ਹਿੰਸਾ ਨੂੰ ਆਪਣੇ ਬੱਚਿਆਂ, ਪਰਿਵਾਰ ਕਰਕੇ ਚੁੱਪ ਚਾਪ ਸਹਿੰਦੀਆਂ ਰਹਿੰਦੀਆਂ ਹਨ। ਭਾਰਤੀ ਸਮਾਜ ਦੀਆਂ ਰਵਾਇਤਾਂ ਅਨੁਸਾਰ ਇੱਕ ਲੜਕੀ ਦਾ ਵਿਆਹ ਜਿਸ ਪਰਿਵਾਰ ਵਿੱਚ ਹੋ ਜਾਂਦਾ ਹੈ, ਉਹੀ ਉਸਦਾ ਆਖਰੀ ਘਰ ਹੁੰਦਾ ਹੈ, ਚਾਹੇ ਉਹ ਕਿੰਨੇ ਵੀ ਮਾੜੇ ਹਲਾਤਾਂ ਵਿੱਚ ਜਾਂ ਸਰੀਰਕ ਜਾਂ ਮਾਨਸਿਕ ਸ਼ੋਸ਼ਣ ਦਾ ਸ਼ਿਕਾਰ ਹੁੰਦੀ ਹੋਵੇ, ਜਿਆਦਾਤਰ ਪਰਿਵਾਰਾਂ ਵੱਲੋਂ ਲੜਕੀਆਂ ਨੂੰ ਉਹਨਾਂ ਨਾਲ ਹੋਣ ਵਾਲੀਆਂ ਵਧੀਕੀਆਂ ਚੁੱਪ ਚਾਪ ਸਹਿਣ ਦੀ ਹੀ ਸਿੱਖਿਆ ਦਿੱਤੀ ਜਾਂਦੀ ਹੈ।

ਘਰੇਲੂ ਹਿੰਸਾ ਦੇ ਜਿਆਦਾਤਰ ਕਾਰਨ ਪਤੀ ਦਾ ਨਸ਼ੇ ਕਰਨਾ, ਬੇਟਿਆਂ ਦੀ ਚਾਹਤ , ਵਿਆਹ ਤੋਂ ਬਾਅਦ ਗੈਰ ਸੰਬੰਧ, ਸ਼ੱਕੀ ਸੁਭਾਅ, ਪਰਿਵਾਰਿਕ ਲੜਾਈ ਝਗੜੇ ਆਦਿ ਰਹਿੰਦੇ ਹਨ। ਇਹ ਸਿਰਫ਼ ਭਾਰਤੀ ਸਮਾਜ ਦੀ ਹੀ ਕਹਾਣੀ ਨਹੀਂ ਬਲਕਿ ਦੁਨੀਆਂ ਭਰ ਦੇ ਦੇਸ਼ਾਂ ਦੀ ਕਹਾਣੀ ਹੈ । ਏਥੋਂ ਤੱਕ ਕਿ ਅਮਰੀਕਾ, ਕਨੈਡਾ ਵਰਗੇ ਬਹੁਤ ਵਿਕਸਿਤ ਦੇਸ਼ਾਂ ਵਿੱਚ ਵੀ ਅਜਿਹੀਆਂ ਘਟਨਾਵਾਂ ਵੇਖਣ ਨੂੰ ਮਿਲਦੀਆਂ ਹਨ। ਕੁਝ ਦਿਨ ਪਹਿਲਾਂ ਅਮਰੀਕਾ ਦੇ ਇੱਕ ਸ਼ਹਿਰ ਵਿੱਚ ਪੰਜਾਬਣ ਲੜਕੀ ਦੁਆਰਾ ਘਰੇਲੂ ਹਿੰਸਾ ਤੋਂ ਤੰਗ ਆਕੇ ਆਤਮ ਹੱਤਿਆ ਕਰ ਲਈ ਗਈ, ਜੋ ਆਪਣੇ ਪਿੱਛੇ ਦੋ ਛੋਟੀਆਂ ਬੱਚੀਆਂ ਨੂੰ ਛੱਡ ਗਈ। ਇਸ ਲੜਕੀ ਦੇ ਮਾਰ ਕੁਟਾਈ ਦਾ ਕਾਰਣ ਬੇਟੇ ਦੀ ਇੱਛਾ ਸੀ।ਇਸ ਘਟਨਾ ਨੇ ਪੂਰੇ ਸਮਾਜ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਇਸ ਤੋਂ ਇਲਾਵਾ ਡਬਲਿਊ ਐੱਚ ਓ ( ਵਰਡ ਹੈੱਲਥ ਆਰਗਨਾਈਜ਼ੇਸ਼ਨ) ਦੁਆਰਾ ਯੂ ਐੱਨ ਓ ( ਯੂਨਾਈਟਡ ਨੈਸ਼ਨਜ ਆਰਗਨਾਈਜ਼ੇਸ਼ਨ) ਦੀ ਮਦਦ ਨਾਲ ਸਾਲ 2018 ਵਿੱਚ ਇੱਕ ਸਰਵੇਖਣ ਕੀਤਾ ਗਿਆ ਜਿਸ ਵਿੱਚ ਦੁਨੀਆਂ ਭਰ ਤੋਂ 161 ਦੇਸ਼ਾਂ ਦੀ ਸੂਚੀ ਤਿਆਰ ਕੀਤੀ ਗਈ,ਇਸ ਸਰਵੇਖਣ ਵਿੱਚ ਸਾਲ 2000 ਤੋਂ 2018 ਤੱਕ ਦੇ ਅੰਕੜੇ ਇਕੱਠੇ ਕੀਤੇ ਗਏ ਜਿੰਨਾਂ ਦੇ ਨਤੀਜਿਆਂ ਤੋਂ ਪਤਾ ਲੱਗਾ ਕਿ ਦੁਨੀਆਂ ਭਰ ਵਿੱਚ ਹਰ 3 ਔਰਤਾਂ ਵਿੱਚ ਇੱਕ ਔਰਤ ਘਰੇਲੂ ਹਿੰਸਾ ਦੀ ਸ਼ਿਕਾਰ ਹੋ ਰਹੀ ਹੈ। ਘਰੇਲੂ ਹਿੰਸਾ ਦਾ ਸ਼ਿਕਾਰ ਔਰਤਾਂ ਵਿੱਚ 15 ਸਾਲ ਦੀਆਂ ਬੱਚੀਆਂ ਜੋ ਆਪਣੇ ਮਤਰਏ ਮਾਤਾ ਪਿਤਾ ਹੱਥੋਂ ਹਿੰਸਾ ਦਾ ਸ਼ਿਕਾਰ ਹੁੰਦੀਆਂ ਹਨ ਤੋਂ ਲੈਕੇ 45 ਸਾਲ ਦੀ ਉਮਰ ਤੱਕ ਦੀਆਂ ਔਰਤਾਂ ਦੀ ਗਿਣਤੀ ਜਿਆਦਾ ਸ਼ਾਮਿਲ ਹੈ । ਦੁਨੀਆਂ ਭਰ ਵਿੱਚ ਔਰਤਾਂ ਦੇ ਹੋਣ ਵਾਲੇ ਕਤਲਾਂ ਵਿਚੋਂ 38% ਘਰੇਲੂ ਹਿੰਸਾ ਕਾਰਣ ਕੀਤੇ ਜਾਂਦੇ ਹਨ । ਅਜਿਹੀਆਂ ਘਟਨਾਵਾਂ ਜਿੱਥੇ ਔਰਤਾਂ ਦੇ ਅਸਹਿ ਦਰਦ ਨੂੰ ਬਿਆਨ ਕਰਦੀਆਂ ਹੋਈਆ ਔਰਤ ਜਾਤ ਦੇ ਸਵੈਭਿਮਾਨ ਨੂੰ ਠੇਸ ਪਹੁੰਚਾਉਂਦੀਆਂ ਹਨ ਉੱਥੇ ਬੱਚਿਆਂ ਦੇ ਮਾਨਸਿਕ ਸਿਹਤ ਨੂੰ ਬਹੁਤ ਪ੍ਰਭਾਵਿਤ ਕਰਦੀਆਂ ਹਨ, ਆਪਣੇ ਘਰ ਦੀਆਂ ਔਰਤਾਂ ਨੂੰ ਹਿੰਸਾ ਸਹਿੰਦਿਆਂ ਵੇਖਦੇ ਬੱਚੇ ਜਾਂ ਤੋਂ ਬਹੁਤ ਜਿਆਦੇ ਡਰੇ ਸਹਿਮੇ ਨਿਕਲਦੇ ਹਨ ਜਾਂ ਫਿਰ ਏਨੇ ਕੁ ਜਿਆਦਾ ਗੁਸੈਲੇ ਕਿ ਕਈ ਵਾਰ ਸਮਾਜ ਲਈ ਵੀ ਹਾਨੀਕਾਰਕ ਸਾਬਿਤ ਹੁੰਦੇ ਹਨ। ਇਸ ਤੋਂ ਇਲਾਵਾ ਸਮਾਜ ਉੱਤੇ ਬਹੁਤ ਬੁਰਾ ਪ੍ਰਭਾਵ ਪੈਂਦਾ ਹੈ ਅਤੇ ,ਸਮਾਜ ਦੇ ਮੱਥੇ ਤੇ ਹਿੰਸਕ ਸਮਾਜ ਦਾ ਧੱਬਾ ਲੱਗ ਜਾਂਦਾ ਹੈ ਅਤੇ ਆਮ ਲੋਕਾਂ ਲਈ ਸਵਾਲ ਖੜਾ ਹੋ ਜਾਂਦਾ ਹੈ ਕਿ ਆਖਰ ਕਿਉਂ ਅਸੀਂ ਇੱਕ ਚੰਗਾ ਤੇ ਸੱਭਿਅਕ ਸਮਾਜ ਸਿਰਜਣ ਵਿੱਚ ਅਸਫ਼ਲ ਰਹੇ ਹਾਂ।

ਅੱਜ ਲੋੜ ਹੈ ਅਜਿਹੇ ਲੋਕਾਂ ਵਿਰੁੱਧ ਸਖ਼ਤ ਤੋਂ ਸਖ਼ਤ ਕਾਰਵਾਈ ਕਰਨ ਦੀ। ਆਪਣੀਆਂ ਧੀਆਂ ਨੂੰ ਸਭ ਕੁਝ ਚੁੱਪ ਚਪੀਤੇ ਸਹਿਣ ਦੀ ਸਿੱਖਿਆ ਦੇਣ ਦੀ ਬਜਾਇ ਧੀਆਂ ਨੂੰ ਏਨੇ ਕਾਬਿਲ ਬਣਾਉਣ ਦੀ ਕਿ ਉਹ ਉਹਨਾਂ ਸਾਰੀਆਂ ਅਖੌਤੀ ਰਵਾਇਤਾਂ ਦੀਆਂ ਬਾਹਾਂ ਭੰਨ੍ਹ ਸਕਣ ਜੋ ਉਹਨਾਂ ਦੇ ਅਸਤਿਤ੍ਵਵ ਉੱਪਰ ਹਿੰਸਾ ਦੇ ਨਿਸ਼ਾਨ ਛੱਡਦੀਆਂ ਹਨ। ਲੋੜ ਹੈ ਮਾਪੇ,ਸਕੂਲਾਂ ਕਾਲਜਾਂ,ਅਖਬਾਰਾਂ ,ਰਸਾਲਿਆਂ ਰਾਹੀਂ ਔਰਤਾਂ ਨੂੰ ਉਹਨਾਂ ਦੇ ਹੱਕਾਂ ਤੇ ਆਪਣੀ ਸੁਰੱਖਿਆ ਲਈ ਅਵਾਜ਼ ਉਠਾਉਣ ਪ੍ਰੀ ਜਾਗਰੂਕ ਕਰਨ ਦੀ ।ਜੇਕਰ ਤੁਸੀਂ ਧਰਤੀ ਤੇ ਆਏ ਹੋ ਤਾਂ ਤੁਹ-ਾਡਾ ਆਪਣਾ ਇੱਕ ਵਜੂਦ ਹੈ, ਹਰ ਔਰਤ ਨੂੰ ਸ਼ਾਨ ਨਾਲ ਜਿਊਣ ਦਾ ਹੱਕ ਹੈ, ਹੁਣ ਔਰਤ ਨੂੰ ਮਜਲੂਮ ਤੇ ਮਾਸੂਮ ਬਣ ਚੁੱਪ ਚਾਪ ਸਹਿਣ ਦੀ ਜਰੂਰਤ ਨਹੀਂ, ਆਓ ਆਪਣੇ ਆਪੇ ਲਈ ਆਪਣੀ ਢਾਲ ਆਪ ਬਣੀਏ ਤੇ ਹਰ ਸਮਾਜਿਕ ਬੁਰਾਈ ਦਾ ਸਾਹਮਣਾ ਕਰਦੇ ਹੋਏ ਇੱਕ ਸੱਭਿਅਕ ਸਮਾਜ ਸਿਰਜਣ ਵਿੱਚ ਆਪਣਾ ਯੋਗਦਾਨ ਪਾਈਏ।




# ਕੈਨੇਡਾ 'ਚ ਪੰਜਾਬੀ ਗੈਂਗਸਟਰ ਪੰਜਾਬੀਆਂ ਦਾ ਅਕਸ ਖਰਾਬ ਕਰਨ 'ਤੇ ਤੁਲੇ



ਪ੍ਰੋ: ਸਰਚਾਂਦ ਸਿੰਘ ਖਿਆਲਾ

ਪੰਜਾਬੀ ਸਦੀਆਂ ਤੋਂ ਵਿਦੇਸ਼ਾਂ 'ਚ ਪਰਵਾਸ ਕਰਨ ਦੇ ਆਦੀ ਰਹੇ ਹਨ। ਅਨੇਕਤਾ 'ਚ ਏਕਤਾ, ਸਹਿਣਸ਼ੀਲਤਾ ਅਤੇ ਬਿਨਾਂ ਕਿਸੇ ਵਿਤਕਰੇ ਦੇ ਇੱਥੇ ਆਉਣ ਵਾਲੇ ਪਰਵਾਸੀਆਂ ਨੂੰ ਆਪਣੇ 'ਚ ਰਲੇਵੇਂ ਦਾ ਮੌਕਾ ਦੇਣ ਵਰਗੀਆਂ ਕੈਨੇਡੀਅਨ ਜੀਵਨ ਸ਼ੈਲੀ ਦੀਆਂ ਵਿਸ਼ੇਸ਼ਤਾਵਾਂ ਕਾਰਨ ਪ੍ਰਵਾਸੀਆਂ ਲਈ ਕੈਨੇਡਾ ਸਭ ਤੋਂ ਵਧ ਤਰਜੀਹੀ ਮੁਲਕ ਬਣ ਗਿਆ ਹੈ। ਸ਼ੁਰੂਆਤ 'ਚ ਰੋਜ਼ੀ ਰੋਟੀ ਅਤੇ ਖ਼ੁਸ਼ਹਾਲੀ ਪ੍ਰਮੁੱਖ ਸੀ ਪਰ ਹੁਣ ਬਿਹਤਰੀਨ ਸਿੱਖਿਆ ਅਤੇ ਸਿਆਸੀ ਪਨਾਹ ਵੀ ਜੁੜ ਚੁੱਕੇ ਹਨ। ਪੰਜਾਬੀ ਭਾਈਚਾਰੇ ਖ਼ਾਸਕਰ ਸਿੱਖਾਂ ਨੇ ਆਪਣੀ ਲਿਆਕਤ, ਧਾਰਮਿਕ, ਰਾਜਨੀਤਿਕ ਅਤੇ ਸਮਾਜਿਕ ਸਰੋਕਾਰਾਂ ਨਾਲ ਕੈਨੇਡਾ ਵਿਚ ਆਪਣੀ ਅਜਿਹੀ ਵਿਲੱਖਣ ਤੇ ਪ੍ਰਭਾਵਸ਼ਾਲੀ ਪਛਾਣ ਬਣਾ ਲਈ ਹੈ ਕਿ ਅੱਜ ਕੈਨੇਡਾ ਵਿਚ 1.4 ਫ਼ੀਸਦੀ ਅਬਾਦੀ ਵਾਲਿਆਂ ਦੀ ਕੈਨੇਡਾ ਦੇ 338 ਸੀਟਾਂ ਵਾਲੇ ਸਦਨ 'ਚ 18 ਸਿੱਖ ਮੈਂਬਰ ਹਨ, ਜਿਨ੍ਹਾਂ 'ਚੋ 4 ਤਕ ਟਰੂਡੋ ਸਰਕਾਰ 'ਚ ਮੰਤਰੀ ਤਕ ਬਣੇ ਹਨ। ਅਜਿਹੇ ਸਨਮਾਨਜਨਕ ਵਾਤਾਵਰਣ ਸਿਰਜਣ ਕਾਰਨ ਹੀ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਮਈ 1914 ਦੌਰਾਨ ਕਾਮਾਕਾਟਾ ਮਾਰੂ ਕਾਂਡ ਦੀ ਇਤਿਹਾਸਕ ਵਧੀਕੀ ਅਤੇ ਦੁਖਦਾਇਕ ਵਰਤਾਰੇ ਪ੍ਰਤੀ ਇਕ ਸਦੀ ਬਾਅਦ ਹਾਊਸ ਆਫ਼ ਕਾਮਨਜ਼ ਵਿਚ ਮੁਆਫ਼ੀ ਮੰਗਦਿਆਂ ਸਿੱਖ ਭਾਈਚਾਰੇ ਦੀ ਭੂਮਿਕਾ ਅਤੇ ਪ੍ਰਭਾਵ ਨੂੰ ਪ੍ਰਤੀਬਿੰਬਤ ਕੀਤਾ।

ਇਸ ਮੁਕਾਮ 'ਤੇ ਪਹੁੰਚਣ ਦੇ ਬਾਵਜੂਦ ਕੁਝ ਅਨਸਰ ਅਤੇ ਘਟਨਾਵਾਂ ਹਨ ਜੋ ਸਿੱਖ ਤੇ ਪੰਜਾਬੀ ਭਾਈਚਾਰੇ ਦੀ ਛਵੀ ਨੂੰ ਨੁਕਸਾਨ ਪਹੁੰਚਾ ਰਹੀਆਂ ਹਨ। ਕੈਨੇਡਾ ਦੀ ਬ੍ਰਿਟਿਸ਼ ਕੋਲੰਬੀਆ ਪੁਲੀਸ ਵੱਲੋਂ ਜਾਰੀ 11 ਖ਼ਤਰਨਾਕ ਗੈਂਗਸਟਰ ਦੀ ਸੂਚੀ ਵਿਚ 9 ਪੰਜਾਬੀ ਮੂਲ ਦੇ ਲੋਕਾਂ ਦਾ ਸ਼ਾਮਿਲ ਹੋਣਾ ਕੈਨੇਡਾ 'ਚ ਪੰਜਾਬੀ ਭਾਈਚਾਰੇ ਲਈ ਨਮੋਸ਼ੀ ਦਾ ਸਬੱਬ ਬਣ ਗਿਆ ਹੈ। ਪਿਛਲੀ ਵਾਰ ਤੋਂ ਹਟ ਕੇ ਇਹ ਪਹਿਲੀ ਵਾਰ ਪੁਲੀਸ ਨੇ ਸੂਬੇ ਵਿਚ ਹੱਤਿਆਵਾਂ ਅਤੇ ਗੋਲੀਬਾਰੀ ਦੇ ਮਾਮਲਿਆਂ ਨਾਲ ਜੁੜੇ ਇਨ੍ਹਾਂ ਗੈਂਗਸਟਰਾਂ ਤੋਂ ਆਪਣੇ ਨਾਗਰਿਕਾਂ ਨੂੰ ਨਾ ਕੇਵਲ ਦੂਰ ਰਹਿਣ ਸਗੋਂ ਇਨ੍ਹਾਂ ਤੋਂ ਆਪਣੇ ਦੋਸਤਾਂ ਅਤੇ ਪਰਿਵਾਰਾਂ ਲਈ ਵੀ ਖ਼ਤਰਾ ਦੱਸਦਿਆਂ ਇਨ੍ਹਾਂ ਅਪਰਾਧੀਆਂ ਨਾਲ ਰਾਬਤਾ ਤਕ ਨਾ ਕਰਨ ਲਈ ਕਿਹਾ ਹੈ। ਜ਼ਾਹਿਰ ਹੈ, ਕੈਨੇਡਾ 'ਚ ਗੈਂਗਸਟਰ ਅਤੇ ਨਸ਼ਾ ਤਸਕਰਾਂ ਦਾ ਅੱਜ ਪੂਰਾ ਬੋਲ ਬਾਲਾ ਹੈ। ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿਚ ਪੰਜਾਬੀ ਮੂਲ ਦੇ ਗੈਂਗਸਟਰਾਂ ਦੀ ਵੀ ਵੱਡੀ ਭੂਮਿਕਾ ਦੇਖੀ ਗਈ ਹੈ। ਕੈਨੇਡਾ ਦੇ ਪਬਲਿਕ ਹੈਲਥ ਏਜੰਸੀ ਦੁਆਰਾ 2016 ਤੋਂ 19 ਤਕ ਤਿੰਨ ਸਾਲ 'ਚ ਨਸ਼ਿਆਂ ਦੇ ਓਵਰ ਡੋਜ਼ ਨਾਲ 15000 ਤੋਂ ਵੱਧ ਕੈਨੇਡੀਅਨਾਂ ਦੇ ਮੌਤ ਹੋਣ ਬਾਰੇ ਚਿੰਤਾਜਨਕ ਖ਼ੁਲਾਸਾ ਕੈਨੇਡਾ 'ਚ ਨਸ਼ਾ ਮਾਫ਼ੀਆ ਦੀ ਮਜ਼ਬੂਤੀ ਨੂੰ ਦਰਸਾਉਂਦਾ ਹੈ। ਇਨ੍ਹਾਂ ਨਸ਼ਿਆਂ ਨਾਲ ਹੋ ਰਹੀਆਂ ਮੌਤਾਂ ਹੋਵੇ ਜਾਂ ਗੈਂਗਵਾਰ ਨਾਲ ਹੋ ਰਹੀਆਂ ਹੱਤਿਆਵਾਂ, ਸਮਾਜਿਕ ਅਤੇ ਅਮਨ ਸ਼ਾਂਤੀ ਨੂੰ ਭੰਗ ਕਰ ਰਹੀਆਂ ਹਨ। ਬ੍ਰਦਰ ਕੀਪਰ ਗੈਂਗ ਦੇ ਮਨਿੰਦਰ ਸਿੰਘ ਧਾਲੀਵਾਲ ਤੇ ਇਕ ਮਿੱਤਰ ਦੀ ਹਾਲ ਹੀ 'ਚ ਕੈਨੇਡਾ ਦੇ ਵਿਸਲਰ ਵਿਲੇਜ ਵਿਚ ਗੈਂਗਵਾਰ ਦੀ ਇਕ ਫਾਇਰਿੰਗ ਦੌਰਾਨ ਮੌਤ ਹੋ ਗਈ। ਇਸ ਸੰਬੰਧੀ ਗ੍ਰਿਫ਼ਤਾਰ ਕੀਤੇ ਗਏ ਗੈਂਗਸਟਰ ਗੁਰਸਿਮਰਨ ਸਹੋਤਾ ਅਤੇ ਤਨਵੀਰ ਖੱਖ ਪੰਜਾਬੀ ਹਨ। ਮਨਿੰਦਰ ਦਾ ਛੋਟਾ ਭਰਾ ਹਰਬ ਧਾਲੀਵਾਲ ਪਿਛਲੇ ਸਾਲ ਹੀ ਗੈਂਗਵਾਰ 'ਚ ਮਾਰ ਦਿੱਤਾ ਗਿਆ ਸੀ। ਇਹ ਦੋਵੇਂ ਬਰਿੰਦਰ ਧਾਲੀਵਾਲ ਦੇ ਭਰਾ ਸਨ, ਜਿਸ ਨੂੰ ਕੈਨੇਡੀਅਨ ਗੈਂਗਸਟਰਾਂ ਦੀ ਦੁਨੀਆ 'ਚ ' ਸ਼ਰੈੱਕ' ਵਜੋਂ ਜਾਣਿਆ ਜਾਂਦਾ ਹੈ। ਬ੍ਰਿਟਿਸ਼ ਕੋਲੰਬੀਆ ਦੀ 2004 ਦੀ ਸਲਾਨਾ ਪੁਲਿਸ ਰਿਪੋਰਟ ਦੇ ਖ਼ੁਲਾਸੇ ਮੁਤਾਬਿਕ ਪੰਜਾਬੀ-ਕੈਨੇਡੀਅਨ ਗੈਂਗ ਕੈਨੇਡਾ ਵਿਚ ਅਪਰਾਧਾਂ ਲਈ ਜ਼ੰਮੇਵਾਰ ਟੌਪ-3 ਗਰੁੱਪਾਂ ਵਿਚ ਹੀ ਨਹੀਂ ਸਗੋਂ ਦੂਜਿਆਂ ਨਾਲੋਂ ਕਾਫ਼ੀ ਅੱਗੇ ਸਨ। ਵੈਨਕੂਵਰ ਦੀ ਸਾਲ 2005 ਦੀ ਰਿਪੋਰਟ ਅਨੁਸਾਰ ਪੰਜਾਬ ਨਾਲ ਸਬੰਧਿਤ ਗੈਂਗਸਟਰਾਂ ਦੀ ਵੈਨਕੂਵਰ 'ਚ ਸ਼ੁਰੂਆਤ 1980 ਦੇ ਦਹਾਕੇ ਵਿੱਚ ਭੁਪਿੰਦਰ ਸਿੰਘ ਬਿੰਦੀ ਜੌਹਲ ਵੱਲੋਂ ਨਸ਼ੇ ਰਾਹੀਂ ਆਪਣਾ ਕਾਰੋਬਾਰ ਸ਼ੁਰੂ ਕਰਨ ਨਾਲ ਹੋਈ। ਇਸ ਤੋਂ ਬਾਅਦ ਸੰਘੇੜਾ ਕ੍ਰਾਈਮ ਆਰਗੇਨਾਈਜ਼ੇਸ਼ਨ ਅਤੇ ਬੁੱਟਰ ਗਰੁੱਪ ਪਰਵਾਸੀਆਂ ਦੀ ਸਭ ਤੋਂ ਵਧ ਬਦਨਾਮ ਗਰੁੱਪਾਂ 'ਚ ਸਨ। ਇਸ ਤੋਂ ਇਲਾਵਾ ਧਾਲੀਵਾਲ ਪਰਿਵਾਰ, ਮੱਲ੍ਹੀ-ਬੁੱਟਰ ਸੰਗਠਨ ਆਦਿ ਪੰਜਾਬੀ ਮਾਫ਼ੀਆ ਚਰਚਾ ਵਿੱਚ ਰਹੇ ਹਨ। ਪੰਜਾਬੀ-ਕੈਨੇਡੀਅਨ ਕ੍ਰਾਈਮ ਸਿੰਡੀਕੇਟ ਮੁੱਖ ਤੌਰ 'ਤੇ ਉਨ੍ਹਾਂ ਨੌਜਵਾਨ ਦਾ ਸਮੂਹ ਹੈ ਜੋ ਪੰਜਾਬੀ ਪਰਿਵਾਰਾਂ ਵਿੱਚ ਪੈਦਾ ਹੋਏ ਹਨ। ਪਿਛਲੇ ਅਪ੍ਰੈਲ ਦੌਰਾਨ ਯੌਰਕ ਰਿਜਨਲ ਪੁਲੀਸ ਨੇ ਪੱਛਮੀ ਕੈਨੇਡਾ, ਯੂ ਐਸ ਅਤੇ ਭਾਰਤ ਤਕ ਫੈਲਿਆ ਹੋਇਆ ਅੰਤਰਰਾਸ਼ਟਰੀ ਨਸ਼ਾ ਤਸਕਰ ਨੈੱਟਵਰਕ ਨੂੰ ਖ਼ਤਮ ਕਰਦਿਆਂ ਜਿਨ੍ਹਾਂ 27 ਅਪਰਾਧੀਆਂ ਨੂੰ ਗ੍ਰਿਫ਼ਤਾਰ ਕੀਤਾ ਉਨਾਂ ਵਿਚ 23 ਪੰਜਾਬੀ ਮੂਲ ਦੇ ਸਨ। ਇਸੇ ਤਰਾਂ ਜੂਨ ਦੇ ਮਹੀਨੇ ਦੌਰਾਨ ਇਕੱਲੇ ਬਰੈਪਟਨ ਵਿਚ ਪੰਜਾਬ ਦੇ ਘੱਟੋ ਘਟ 4 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਜਿਨ੍ਹਾਂ 'ਤੇ ਹਥਿਆਰਾਂ ਨਾਲ ਜੁੜੇ ਅਪਰਾਧਿਕ ਮਾਮਲੇ ਦਰਜ ਹਨ। ਇਸ ਤੋਂ ਪਹਿਲਾਂ 8 ਦਸੰਬਰ 2021 ਨੂੰ ਕੈਲਗਰੀ ਪੁਲੀਸ ਨੇ ਭਾਰਤੀ ਮੂਲ ਦੇ 9 ਇੰਡੋ ਕੈਨੇਡੀਅਨ ਗੈਂਗਸਟਰਾਂ ਨੂੰ ਗ੍ਰਿਫ਼ਤਾਰ ਕੀਤਾ, ਜੋ ਕੇਵਲ ਇਕ ਸਾਲ 'ਚ 20 ਤੋਂ ਵੱਧ ਹਿੰਸਕ ਘਟਨਾਵਾਂ ਲਈ ਜ਼ੰਮੇਵਾਰ ਸਨ।

ਗਲ ਇਥੇ ਹੀ ਖਤਮ ਨਹੀਂ ਹੁੰਦੀ 14 ਜੁਲਾਈ ਨੂੰ ਸਰੀ ਵਿਖੇ ਕਾਰੋਬਾਰੀ ਤੇ ਸਿੱਖ ਆਗੂ ਰਿਪੁਦਮਨ ਸਿੰਘ ਮਲਿਕ ਦੀ 'ਟਾਰਗੈਟ ਕਿਲਿੰਗ' ਅਤੇ ਉਸ ਤੋਂ ਦਸ ਦਿਨ ਬਾਅਦ ਹੀ ਗੈਂਗਸਟਰ ਮਨਿੰਦਰ ਸਿੰਘ ਧਾਲੀਵਾਲ ਦੀ ਹੱਤਿਆ ਨੇ ਦਹਿਸ਼ਤ ਪੈਦਾ ਕਰਦਿਆਂ ਅਮਨ ਸ਼ਾਂਤੀ ਨੂੰ ਪ੍ਰਭਾਵਿਤ ਕੀਤਾ ਹੈ। ਬੱਬਰ ਖ਼ਾਲਸਾ ਨਾਲ ਸੰਬੰਧਿਤ ਸ: ਮਲਿਕ ਦੀ ਹੱਤਿਆ ਨਾਲ ਕਰੀਬ ਚਾਰ ਦਹਾਕੇ ਪਹਿਲਾਂ ਏਅਰ ਇੰਡੀਆ ਦੀ 'ਕਨਿਸ਼ਕ' ਨੂੰ ਉਡਾਉਣ ਦੀ ਖੇਡੀ ਗਈ ਖ਼ੂਨੀ ਖੇਡ ਦੀ ਯਾਦ ਫਿਰ ਤੋਂ ਤਾਜ਼ੀ ਹੋ ਗਈ। 23 ਜੂਨ 1985 'ਚ ਵਾਪਰੇ ਉਕਤ ਕਨਿਸ਼ਕ ਕਾਂਡ ਜਿਸ ਵਿਚ 268 ਕੈਨੇਡੀਅਨ ਨਾਗਰਿਕਾਂ ਸਮੇਤ 331 ਲੋਕ ਮਾਰੇ ਗਏ ਸਨ, 'ਚ ਮਲਿਕ ਦੀ ਕਥਿਤ ਸ਼ਮੂਲੀਅਤ ਲਈ ਉਸ ਨੂੰ ਕੈਨੇਡੀਅਨ ਲੋਕ ਮਾਨਸਿਕਤਾ ਨੇ ਕਦੀ ਵੀ ਮੁਆਫ਼ ਨਹੀਂ ਕੀਤਾ। ਜਿਸ ਦੀ ਚਰਚਾ ਮਲਿਕ ਦੇ ਕਤਲ ਤੋਂ ਬਾਅਦ ਕੈਨੇਡੀਅਨ ਮੀਡੀਆ ਵਿੱਚ ਦੇਖਣ ਨੂੰ ਮਿਲੀ। ਬੇਸ਼ੱਕ ਵਿਸ਼ਵ ਹਵਾਈ ਖੇਤਰ ਦੇ ਇਤਿਹਾਸ ਵਿਚ 9/11 ਤੋਂ ਪਹਿਲਾਂ ਦੇ ਇਸ ਭਿਆਨਕ ਅਤਿਵਾਦੀ ਹਮਲੇ ਸੰਬੰਧੀ ਮਲਿਕ ਨੂੰ ਸੁਪਰੀਮ ਕੋਰਟ ਆਫ਼ ਬ੍ਰਿਟਿਸ਼ ਕੋਲੰਬੀਆ ਨੇ ਪੁਖ਼ਤਾ ਸਬੂਤ ਨਾ ਹੋਣ ਕਾਰਨ 2005 'ਚ ਬਰੀ ਕਰ ਦਿੱਤਾ ਸੀ। ਵਿਸ਼ਵ ਅਤਿਵਾਦ ਦੀ ਚੁਨੌਤੀ ਦੇ ਸਨਮੁੱਖ ਕੈਨੇਡਾ ਸਰਕਾਰ ਵੱਲੋਂ ਕ੍ਰਿਮੀਨਲ ਕੋਡ ਤਹਿਤ ਸੂਚੀਬੱਧ ਕੀਤੇ ਗਏ 77 ਅਤਿਵਾਦੀ ਸਮੂਹਾਂ ਵਿਚ ਬੱਬਰ ਖ਼ਾਲਸਾ ਸਮੇਤ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਵਰਗੇ ਸਿੱਖ ਜਥੇਬੰਦੀਆਂ ਦਾ ਸ਼ਾਮਿਲ ਹੋਣਾ ਅਤੇ ਕੈਨੇਡਾ ਵੱਲੋਂ ਦੇਸ਼ ਨੂੰ ਅਤਿਵਾਦ ਦੇ ਖ਼ਤਰੇ ਬਾਰੇ 2018 ਦੌਰਾਨ ਜਾਰੀ ਰਿਪੋਰਟ 'ਚ ''ਸਿੱਖ ਕੱਟੜਪੰਥੀਆਂ'' ਦੇ ਵਧਦੇ ਖ਼ਤਰੇ ਦਾ ਜ਼ਕਿਰ ਕੀਤਾ ਜਾਣਾ ਸਿੱਖ ਭਾਈਚਾਰੇ ਲਈ ਨਮੋਸ਼ੀ ਦਾ ਸਬੱਬ ਬਣਿਆ ਰਿਹਾ।

ਅੱਜ ਗੈਂਗਸਟਰ ਅਤੇ ਕੱਟੜਪੰਥੀਆਂ ਵੱਲੋਂ ਕੈਨੇਡਾ ਨੂੰ ਸੁਰੱਖਿਅਤ ਛੁਪਣਗਾਹ ਬਣਾ ਲਿਆ ਗਿਆ ਹੈ। ਸਿੱਧੂ ਮੁਸੇਵਾਲਾ ਦੇ ਕਤਲ ਨਾਲ ਚਰਚਾ ਵਿਚ ਆਇਆ ਗੋਲਡੀ ਬਰਾੜ ਹੋਵੇ ਜਾਂ ਪੰਜਾਬ ਪੁਲੀਸ ਇੰਟੈਲੀਜੈਂਸ ਦੇ ਹੈੱਡਕੁਆਟਰ ਮੋਹਾਲੀ ਵਿਖੇ ਗਰਨੇਡ ਹਮਲੇ ਦਾ ਕਥਿਤ ਮੁੱਖ ਸਾਜ਼ਸ਼ਿਕਾਰ ਲਖਬੀਰ ਸਿੰਘ ਲੰਡਾ, ਸਭ ਕੈਨੇਡਾ ਵਿਚ ਛੁਪੇ ਬੈਠੇ ਹਨ। ਭਾਰਤੀ ਏਜੰਸੀ ਐਨ ਆਈ ਏ ਨੇ ਹਾਲ ਹੀ 'ਚ ਕੈਨੇਡਾ 'ਚ ਬੈਠੇ ਹਰਦੀਪ ਸਿੰਘ ਨਿੱਝਰ 'ਤੇ ਜਲੰਧਰ ਦੇ ਇਕ ਹਿੰਦੂ ਪੁਜਾਰੀ ਕਮਲਦੀਪ ਸ਼ਰਮਾ ਦੇ ਕਤਲ 'ਚ ਲੋੜੀਂਦੇ ਹੋਣ ਕਾਰਨ 10 ਲੱਖ ਦਾ ਇਨਾਮੀ ਰੱਖਿਆ ਹੈ। ਨਿੱਝਰ ਆਈ ਐਸ ਆਈ. ਦੇ ਏਜੰਟ ਤੇ ਖ਼ਾਲਿਸਤਾਨੀ ਸਿੱਖ ਫ਼ਾਰ ਜਸਟਿਸ ਦੇ ਆਗੂ ਗੁਰ ਪਤਵੰਤ ਸਿੰਘ ਪੰਨੂ ਦਾ ਆੜੀ ਹੈ ਅਤੇ ਉਸ ਦੇ ਏਜੰਡੇ ਨੂੰ ਲਾਗੂ ਕਰਨ 'ਚ ਮੋਹਰੀ ਹੈ। ਪੰਜਾਬ ਵਿੱਚ ਗੈਂਗਸਟਰਾਂ ਵੱਲੋਂ ਕੀਤੀਆਂ ਜਾ ਰਹੀਆਂ ਹੱਤਿਆਵਾਂ ਦੀਆਂ ਤਾਰਾਂ ਦਾ ਕੈਨੇਡਾ ਤੱਕ ਵੀ ਜੁੜੀਆਂ ਹੋਣ ਦੀਆਂ ਖ਼ਬਰਾਂ ਨਾਲ ਵੀ ਆਮ ਕੈਨੇਡੀਅਨ ਨਾਗਰਿਕਾਂ 'ਚ ਆਪਣੇ ਦੇਸ਼ ਦੀ ਅਮਨ ਸ਼ਾਂਤੀ ਨੂੰ ਲੈ ਕੇ ਚਿੰਤਾਵਾਂ ਵਧ ਰਹੀਆਂ ਹਨ। ਆਮ ਕੈਨੇਡੀਅਨ ਅਮਨ ਪਸੰਦ ਸ਼ਹਿਰੀ ਸਮਝ ਦੇ ਹਨ ਕਿ ਜੋ ਲੋਕ ਕੈਨੇਡਾ ਵਿੱਚ ਬੈਠ ਕੇ ਪੰਜਾਬ ਵਿੱਚ ਵੱਡੀਆਂ ਵਾਰਦਾਤਾਂ ਨੂੰ ਅੰਜਾਮ ਦੇਣ 'ਚ ਵੱਡੀ ਭੂਮਿਕਾ ਨਿਭਾਅ ਰਹੇ ਹਨ, ਉਹ ਉਨ੍ਹਾਂ ਲਈ ਵੀ ਕਿਸੇ ਸਮੇਂ ਖ਼ਤਰਾ ਬਣ ਸਕਦੇ ਹਨ। ਗੈਂਗ ਕਲਚਰ ਤੋਂ ਦੁਖੀ ਹੋ ਕੇ ਪੰਜਾਬ ਦੇ ਮਾਪੇ ਬਚਿਆਂ ਨੂੰ ਕੈਨੇਡਾ ਭੇਜ ਰਹੇ ਹਨ, ਹੁਣ ਸਵਾਲ ਉੱਠਦਾ ਹੈ ਕਿ ਕੈਨੇਡਾ ਦੇ ਮਾਪੇ ਇਸੇ ਸਥਿਤੀ 'ਚ ਆਪਣੇ ਬਚਿਆਂ ਨੂੰ ਕਿਥੇ ਲੁਕਾਉਣ। ਆਮ ਕੈਨੇਡੀਅਨ ਨਾਗਰਿਕਾਂ 'ਚ ਦਹਿ-ਸ਼ਤ ਕਾਰਨ ਪੈਦਾ ਹੋਏ 'ਖੌਫ' ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ( ਪ੍ਰੋ: ਸਰਚਾਂਦ ਸਿੰਘ ਖਿਆਲਾ)

# ਵਿਅੰਗ: ਕੰਨ ਕੰਧਾਂ ਦੇ ਨਹੀਂ ਗੁਆਂਢੀਆਂ ਦੇ ਹੁੰਦੇ ਹਨ

-ਨੂਰ ਸੰਤੋਖਪੁਰੀ-

ਕੰਨ ਕੰਧਾਂ ਦੇ ਨਹੀਂ ਹੁੰਦੇ, ਗੁਆਂਢੀਆਂ ਦੇ ਹੁੰਦੇ ਹਨ ਅਤੇ ਉਹ ਕੰਧਾਂ ਨਾਲ ਕੰਨ ਲਾ ਕੇ ਤੁਹਾਡੀ ਹਰ ਗੱਲ ਸੁਣਨ ਦੀ ਕੋਸ਼ਿਸ਼ ਕਰਦੇ ਹਨ। ਤੁਹਾਡੇ ਘਰ ਕਿਸੇ ਦਾਲ ਸਬਜ਼ੀ ਨੂੰ ਲਾਏ ਤੜਕੇ ਦੀ ਖੁਸ਼ਬੋ, ਭੁੰਨੇ ਜਾਂਦੇ ਮੀਟ ਮੁਰਗੇ ਦੀ ਮਹਿਕ ਜਾਂ ਰਿੰਨ੍ਹੇ ਜਾਂਦੇ ਵਧੀਆ ਕਿਸਮ ਦੇ ਬਾਸਮਤੀ ਚੌਲਾਂ ਦੀ ਖੁਸ਼ਬੋ ਕੰਧਾਂ ਟੱਪ ਕੇ ਤੁਹ-ਾਡੇ ਗੁਆਂਢੀਆਂ ਤੱਕ ਸੌਖਿਆਂ ਪਹੁੰਚ ਜਾਂਦੀ ਹੈ। ਗੱਲਾਂ ਗੱਲੋੜੀਆਂ ਦੀ ਕੰਨ-ਸੋਅ ਲੈਣ ਵਾਸਤੇ ਉਨ੍ਹਾਂ ਨੂੰ ਕੰਧਾਂ ਨਾਲ ਕੰਨ ਲਾਉਣੇ ਪੈਂਦੇ ਹਨ। ਖੰਭਾਂ ਦੀਆਂ ਡਾਰਾਂ, ਚਾਰ ਗੱਲਾਂ ਦੀਆਂ ਬਾਰਾਂ ਗੱਲਾਂ ਬਣਾਉਣ ਵਿੱਚ ਉਨ੍ਹਾਂ ਨੂੰ ਮੁਹਾਰਤ ਹਾਸਲ ਹੈ। ਤੁਹਾਡੇ ਗੁਆਂਢੀਆਂ ਦੀ ਹਰੇਕ ਛੋਟੀ-ਵੱਡੀ ਲੇਡੀ ਅਤੇ ਜੈਂਟਲਮੈਨ ਬਾਤ ਦਾ ਬਤੰਗੜ ਰਾਈ ਦਾ ਪਹਾੜ ਬਣਾਉਣ ਦੇ ਕਾਬਲ ਹੈ। ਉਹ ਓਨਾ ਤਰੱਦਦ ਆਪਣੀ ਛੱਤ ਉੱਤੇ ਲੱਗੇ ਡਿਸ਼ ਟੀ ਵੀ ਦੇ ਐਂਟੀਨਾ ਦੀ ਦਿਸ਼ਾ ਠੀਕ ਕਰਨ ਵਿੱਚ ਨਹੀਂ ਕਰਦੇ, ਜਿੰਨਾ ਤਰੱਦਦ ਉਹ ਤੁਹਾਡੇ ਘਰ ਦੀਆਂ ਗੱਲਾਂ ਦੀ ਕੰਨਸੋਅ ਲੈਣ ਵਿੱਚ ਕਰਦੇ ਹਨ। ਉਹ ਆਪਣੇ ਕੰਨ-ਰਸ ਦਾ ਸੁਆਦ ਲੈਣ ਖਾਤਰ ਕਈ ਤਰ੍ਹਾਂ ਦੀ ਚੁਸਤੀ ਤੇ ਜੁਗਤੀ ਵਰਤਦੇ ਹਨ। ਕਦੇ ਆਪਣੇ ਘਰ ਦੀ ਛੱਤ ਦੇ ਬਨੇਰੇ ਨਾਲ ਢੋਅ ਲਾ ਕੇ ਖੜ੍ਹ ਜਾਂਦੇ ਹਨ।ਕਦੇ ਤੁਹਾਡੀ ਬੰਦ ਬਾਰੀ ਕੋਲ ਸ਼ਹਿ ਲਾ ਕੇ ਖੜੋ ਜਾਂਦੇ ਹਨ। ਮੰਜੀਆਂ ਆਪਣੇ ਵਿਹੜੇ ਵਿੱਚ ਡਾਹੁੰਦੇ ਹਨ, ਕੰਨ ਤੁਹਾਡੇ ਘਰ ਵੱਲ ਖੜ੍ਹੇ ਕਰ ਰੱਖਦੇ ਹਨ। ਖੜਕੰਨੇ ਜੁ ਹੋਏ। ਤੁਹਾਡੇ ਘਰ ਦੇ ਨਿੱਕੇ ਨਿਆਣਿਆਂ ਨੂੰ ਵਰਚਾ ਕੇ, ਪਤਿਆ ਕੇ ਜਾਂ ਲਲਚਾ ਕੇ ਤੁਹਾਡੇ ਘਰ ਦੀਆਂ ਅੰਦਰੂਨੀ ਗੱਲਾਂ, ਭੇਤਾਂ ਦੀ ਥਾਹ ਪਾਉਣ ਦੀ ਵਾਹ ਲਾਉਂਦੇ ਹਨ। ਜਾਂ ਏਧਰੋਂ-ਓਧਰੋਂ ਭਾਵ ਤੁਹਾਡੇ ਬਾਕੀ ਗੁਆਂਢੀਆਂ ਤੋਂ ਤੁਹਾਡੇ ਭੇਤ-ਸ਼ੇਤ ਲੈਣ ਦਾ ਯਤਨ ਕਰਦੇ ਹਨ। ਉਨ੍ਹਾਂ ਨੂੰ ਅਗਾਂਹ ਤੋਂ ਅਗਾਂਹ ਗੱਲਾਂ ਰੇੜ੍ਹਨ ਦਾ ਭੇਤ ਉਜਾਗਰ ਕਰਨ ਦਾ ਚਸਕਾ ਪਿਆ ਹੋਇਆ ਹੈ। ਮੁਫਤ ਦੀ ਜਾਸੂਸੀ ਕਰਨ ਦਾ ਉਨ੍ਹਾਂ ਉਤੇ ਝੱਲ (ਸ਼ੁਦਾਅ) ਸੁਆਰ ਹੋਇਆ ਪਿਆ ਹੈ।

ਉਹ ਆਪਣੇ ਕੰਮ ਧੰਦਿਆਂ ਨਾਲ, ਮਸਲਿਆਂ ਨਾਲ ਮਤਲਬ ਰੱਖਣਾ ਜਿਵੇਂ ਜਾਣਦੇ ਹੀ ਨਹੀਂ। ਉਹ ਮਿਰਚ ਮਸਾਲਾ ਲਾ ਕੇ ਗੱਲਾਂ ਨੂੰ ਮਸਾਲੇਦਾਰ, ਜ਼ਾਇਕੇਦਾਰ ਬਣਾ ਕੇ ਹੋਰਨਾਂ ਅੱਗੇ ਪਰੋਸਣ ਨੂੰ ਤਿਆਰ ਰਹਿੰਦੇ ਹਨ। ਇਸ ਵਾਸਤੇ ਉਹ ਆਪਣਾ ਮਿਰਚ-ਮਸਾਲਾ ਹਰ ਵੇਲੇ ਤਿਆਰ ਰੱਖਦੇ ਹਨ। ਦਿਲ ਦੇ ਸਾਫਅਤੇ ਮਨ ਦੇ ਨਿਰਮਲ ਹੋਣ ਕਾਰਨ ਤੁਹਾਡੇ ਤੋਂ ਆਪਣੀਆਂ ਘਰੇਲੂ ਤੇ ਜ਼ਰੂਰੀ ਗੱਲਾਂ ਕਈ ਵਾਰ ਉਚੀ ਆਵਾਜ਼ ਵਿੱਚ ਕਹਿ ਹੋ ਜਾਂਦੀਆਂ ਹਨ ਅਤੇ ਤੁਹਾਡੇ ਗੁਆਂਢੀਆਂ ਦੀਆਂ ਕੰਨਸੋਅ ਤੇ ਕੰਨ-ਰਸ ਲੈਣ ਦੀਆਂ ਇੱਛਾਵਾਂ ਪੂਰੀਆਂ ਹੋ ਜਾਂਦੀਆਂ ਹਨ। ਫਿਰ ਚੱਲ ਸੋ ਚੱਲ।ਅਗਾਂਹ ਤੋਂ ਅਗਾਂਹ ਤੁਹਾਡੀ ਹਰ ਗੁੱਝੀ ਤੋਂ ਗੁੱਝੀ ਗੱਲ ਪੈਂਦੀ ਹੈ ਚੱਲ। ਇਹ ਪੂਰੇ ਮੁਹ-ੱਲੇ, ਪੂਰੇ ਪਿੰਡ ਵਿੱਚ ਘੁੰਮਣ ਲੱਗ ਪੈਂਦੀ ਹੈ।


ਵਿਹਲੇ ਲੋਕਾਂ ਕੋਲ ਚੁਗਲੀਆ ਕਰਨ, ਗੱਲਾਂ ਰੇੜ੍ਹਨ, ਚੁਆਤੀਆਂ ਲਾਉਣ ਤੋਂ ਇਲਾਵਾ ਹੋਰ ਕਿਹੜਾ ਕੋਈ ਕੰਮ ਹੁੰਦਾ ਹੈ? ਕੰਨਾਂ ਦੇ ਕੱਚੇ ਕਿਸੇ ਬੰਦੇ ਜਾਂ ਤੀਵੀਂ ਦੇ ਕੰਨਾਂ ਵਿੱਚ ਪਈ ਹੋਈ ਗੱਲ ਕੋਹਾਂ ਲੰਮਾ ਪੈਂਡਾ ਝੱਟ ਤੈਅ ਕਰ ਲੈਂਦੀ ਹੈ। ਅਗਾਂਹ ਤੋਂ ਅਗਾਂਹ ਇਹ ਆਪਣਾ ਅਸਲ ਰੂਪ ਤੇ ਅਰਥ ਬਦਲ ਲੈਂਦੀ ਹੈ।ਗੱਲਾਂ ਨੂੰ ਮਿਰਚ ਮਸਾਲਾ ਲਾਉਣ ਦੀ ਕਲਾ ਤੁਹਾਡੇ ਗੁਆਂਢੀਆਂ ਤੋਂ ਇਲਾਵਾ ਮੁਹੱਲੇ ਤੇ ਪਿੰਡ ਦੇ ਕਈ ਹੋਰ ਲੋਕ ਵੀ ਜਾਣਦੇ ਹਨ ਤੇ ਤੁਹਾਡੀ ਸ਼ਰਾਫਤ ਨੂੰ ਬਦਮਾਸ਼ੀ ਵਿੱਚ, ਫਰਾਖਦਿਲੀ ਨੂੰ ਤੰਗਦਿਲੀ ਵਿੱਚ ਨੇਕ ਨੀਤ ਨੂੰ ਬਦਨੀਤ ਵਿੱਚ ਬਦਲ ਕੇ ਤੁਹਾਡੀ ਬੇਦਾਗ ਸ਼ਖਸੀਅਤ ਨੂੰ ਦਾਗਦਾਰ ਸਾਬਤ ਕਰਨ ਦਾ ਟਿੱਲ ਲਾਉਂਦੇ ਹਨ। ਉਨ੍ਹਾਂ ਦੇ ਆਪਣੇ ਦਾਮਨ ਸਾਫ ਹੋਣ ਜਾਂ ਨਾ ਹੋਣ, ਤੁਹਾਡੇ ਸਣੇ ਹੋਰ ਕਈਆਂ ਦੇ ਦਾਮਨਾਂ ਉੱਤੇ ਧੱਬੇ ਲਾਉਣ ਦਾ ਯਤਨ ਕਰਦੇ ਹਨ। ਉਹ ਨੁਕਤਾਚੀਨੀ ਕਰਨ ਅਤੇ ਚਿੱਕੜ ਸੁੱਟਣ ਦਰਮਿਆਨ ਜੋ ਫਰਕ ਹੁੰਦਾ ਹੈ, ਉਸ ਨੂੰ ਉਹ ਮਿਟਾ ਕੇ ਰੱਖ ਦਿੰਦੇ ਹਨ।

ਗੁਆਂਢੀਆਂ ਦੇ ਸਿਰਫ ਕੰਨ ਨਹੀਂ ਹੁੰਦੇ, ਅੱਖਾਂ ਵੀ ਹੁੰਦੀਆਂ ਹਨ। ਉਹ ਤੁਹਾਡੀ ਹਰ ਨਕਲੋਂ ਹਰਕਤ ਉੱਤੇ ਨਿਗ੍ਹਾ ਰੱਖਦੇ ਹਨ। ਤੁਹਾਡੇ ਘਰ ਆਉਣ ਵਾਲੇ ਤੁਹਾਡੇ ਜਾਣਕਾਰਾਂ, ਰਿਸ਼ਤੇਦਾਰਾਂ ਉੱਤੇ ਨਜ਼ਰ ਰੱਖਦੇ ਹਨ। ਜੇ ਕੁਝ ਦਿਨਾਂ ਲਈ ਕਿਤੇ ਬਾਹਰ ਗਏ ਹੋਣ ਤਾਂ ਵਾਪਸ ਆ ਕੇ ਚਾਹ ਵਗੈਰਾ ਪਿੱਛੋਂ ਪੀਂਦੇ ਹਨ, ਪਹਿਲਾਂ ਆਪਣੇ ਸੀ ਸੀ ਟੀ ਵੀ ਕੈਮਰਿਆਂ ਦੀ ਰਿਕ-ਾਰਡਿੰਗ ਚੈਕ ਕਰਦੇ ਹਨ, ਇਹ ਵੇਖਣ ਲਈ ਕਿ ਉਨ੍ਹਾਂ ਦੀ ਗੈਰ ਹਾਜ਼ਰੀ ਵਿੱਚ ਕੌਣ-ਕੌਣ ਤੁਹਾਡੇ ਘਰ ਪਧਾਰਿਆ ਸੀ? ਤੁਸੀਂ ਕਦੇ ਕਦੇ ਸੋਚਦੇ ਹੋ ਕਿ ਗੁਆਂਢੀਆਂ ਨੂੰ ਪੁੱਛ ਲਿਆ ਜਾਵੇ ਕਿ ਕੀ ਅਸੀਂ ਸੱਚਮੁੱਚ ਲੁੱਚੇ-ਲਫੰਗੇ ਜਾਂ ਬਦਮਾਸ਼ ਹਾਂ? ਕੀ ਅਸੀਂ ਪੋਸਤ, ਅਫੀਮ, ਨਾਜਾਇਜ਼ ਸ਼ਰਾਬ ਜਾਂ 'ਚਿੱਟਾ' ਵੇਚਣ ਦਾ ਧੰਦਾ ਕਰਦੇ ਹਾਂ? ਤੁਸੀਂ ਕੰਧਾਂ ਨਾਲ ਕੰਨ ਲਾ-ਲਾ ਕੇ ਸਾਡੀਆਂ ਗੱਲਾਂ ਸੁਣਨ ਦਾ ਯਤਨ ਕਿਉਂ ਕਰਦੇ ਅਤੇ ਸਾਡੇ ਘਰ ਉੱਤੇ ਨਜ਼ਰ ਰੱਖਦੇ ਹੋ? ਤੁਸੀਂ ਇਹ ਸੋਚਦੇ ਹੀ ਹੋ, ਕਦੇ ਗੁਆਂਢੀਆਂ ਨੂੰ ਪੁੱਛਦੇ ਨਹੀਂ, ਕਿਉਂਕਿ ਤੁਸੀਂ ਉਨ੍ਹਾਂ ਨਾਲ ਆਪਣੇ ਸੰਬੰਧ ਵਿਗਾੜਨਾ ਨਹੀਂ ਚਾਹੁੰਦੇ।

ਜਦੋਂ ਤੁਸੀਂ ਆਪਣੀ ਵਹੁਟੀ ਨਾਲ ਜਾਂ ਤੁਹਾਡੀ ਵਹੁਟੀ ਤੁਹਾਡੇ ਮਾਤਾ-ਪਿਤਾ ਨਾਲ ਜਾਂ ਤੁਸੀਂ ਸਾਰੇ ਜੀਅ ਆਪਣੇ ਘਰ ਅੰਦਰ ਮਹਾਂਭਾਰਤ ਵਰਗਾ ਯੁੱਧ ਛੇੜ ਲੈਂਦੇ ਹੋ, ਤੁਹਾਡੇ ਗੁਆਂਢੀਆਂ ਨੂੰ ਜੀਅ ਭਰ ਕੇ ਤੁਹਾਡੇ ਟੱਬਰ ਵੱਲੋਂ ਇੱਕ ਦੂਜੇ ਨੂੰ ਮੰਦਾ ਅਤੇ ਮਾੜਾ ਬੋਲਣ, ਗਾਲ੍ਹਾਂ, ਕੱਢਣ ਜਾਂ ਧਮਕੀਆਂ-ਡਰਾਵੇ ਦੇਣ ਦੇ ਡਰਾਮੇ ਦਾ ਲੁਤਫ ਉਠਾਉਣ ਦਾ ਮੌਕਾ ਮਿਲ ਜਾਂਦਾ ਹੈ। ਤੁਹਾਡੇ ਘਰੇਲੂ ਮਾਮਲਿਆਂ ਵਿੱਚ ਦਖਲ ਦੇਣ ਦਾ ਬਹਾਨਾ ਮਿਲ ਜਾਂਦਾ ਹੈ। ਕੰਨਸੋਅ ਅਤੇ ਕੰਨ-ਰਸ ਲੈਣ ਤੋਂ ਅਗਾਂਹ ਵੱਧ ਕੇ ਦਖਲ ਦੇਣ ਦਾ, ਤੁਹਡੇ ਟੱਬਰ ਨੂੰ ਸਲਾਹਾਂ ਤੇ ਨਸੀਹਤਾਂ ਦੇਣ ਦਾ ਸੁਭਾਗ ਹਾਸਲ ਹੁੰਦਾ ਹੈ। ਤੁਹਾਨੂੰ ਉਨ੍ਹਾਂ ਦੀਆਂ ਲਾਹਨਤਾਂ-ਨੁਮਾ ਟਿੱਪਣੀਆਂ ਟੋਟਕੀਆਂ ਸੁਣਨ ਲਈ ਮਿਲ ਸਕਦੀਆਂ ਹਨ। ਯਾਦ ਰੱਖਿਓ! ਅੱਗ ਬੁਝਾਉਣ ਵਾਲਿਆਂ, ਬਲਦੀ ਉੱਤੇ ਪਾਣੀ ਪਾਉਣ ਵਾਲਿਆਂ ਤੋਂ ਬਾਅਦ ਉੱਤੇ ਪਾਣੀ ਪਾਉਣ ਵਾਲਿਆਂ ਤੋਂ ਵੱਧ ਗਿਣਤੀ ਅੱਗ ਲਾਉਣ ਤੇ ਬਲਦੀ ਉੱਤੇ ਤੇਲ ਪਾਉਣ ਵਾਲਿਆਂ ਦੀ ਹੈ। ਲੜਨ-ਭਿੜਨ ਤੋਂ ਪਹਿਲਾਂ ਸੋਚ ਲੈਣਾ ਚਾਹੀਦਾ ਹੈ।

# ਐਟਮੀ ਤਾਕਤ ਦੇ ਕਿੰਨੇ ਸਾਰੇ ਦਾਅਵੇਦਾਰ ਹੁੰਦਿਆਂ ਜੰਗਬਾਜ਼ ਹੋਣ ਦਾ ਸ਼ੌਕ ਘਾਣ ਕਰ ਸਕਦੈ ਮਨੁੱਖਤਾ ਦਾ





ਜਤਿੰਦਰ ਪੰਨੂ

ਇਹ ਲਿਖਤ ਅਸੀਂਛੇ ਅਗਸਤ ਸਵੇਰੇ ਉੱਠ ਕੇ ਓਦੋਂ ਲਿਖਣੀ ਸ਼ੁਰੂ ਕੀਤੀ, ਜਦੋਂ ਦੂਰ ਪੂਰਬ ਦੇ ਦੇਸ਼ ਜਾਪਾਨ ਦੇਸ਼ਹਿਰ ਹੀਰੋਸ਼ੀਮਾ ਦੇ ਲੋਕ ਸਤੱਤਰ ਸਾਲ ਪੁਰਾਣੇ ਦਿਲ ਹਿਲਾਊ ਕਾਂਡ ਨੂੰ ਯਾਦ ਕਰਦੇ ਪਏ ਸਨ। ਉਸ ਦਿਨ ਹੋਏ ਇੱਕ ਐਟਮੀ ਤਜਰਬੇ ਕਾਰਨਹਜ਼ਾਰਾਂ ਲੋਕ ਮਾਰੇ ਗਏ ਸਨ। ਦੁਨੀਆ ਵਿੱਚ ਆਪਣੀ ਤਰ੍ਹਾਂ ਦਾ ਇਹ ਪਹਿਲਾ ਬੰਬ ਅਮਰੀਕਨ ਫੌਜ ਦੇ ਜਿਸ ਜਹਾਜ਼ ਨੇ ਸੁੱਟਿਆ ਸੀ, ਹੇਠਾਂ ਤਬਾਹੀ ਦੇ ਸੰਕੇਤ ਵੇਖ ਕੇ ਖੁਦ ਉਸ ਦੇ ਕੈਪਟਨ ਦੇ ਮੂੰਹੋਂ ਨਿਕਲਿਆ ਸੀ: 'ਜੋ ਕੁਝ ਵੇਖਿਆ ਹੈ, ਉਸ ਦਾ ਯਕੀਨ ਕਰਨਾ ਮੁਸ਼ਕਲ ਹੈ।' ਨਾਲ ਬੈਠੀ ਕਹਿਰ ਵਰ੍ਹਾਊ ਟੀਮ ਦੇ ਇੱਕ ਮੈਂਬਰ ਦੇ ਮੂੰਹੋਂ ਨਿਕਲਿਆ ਸੀ: 'ਓ ਰੱਬਾ!' ਇਸ ਦਾ ਮਤਲਬ ਹੈ ਕਿ ਜਿਨ੍ਹਾਂ ਨੇ ਇਹ ਐਟਮ ਬੰਬ ਸੁੱਟਿਆ ਸੀ ਤੇ ਤਬਾਹੀ ਮਚਾਈ ਸੀ, ਉਹ ਵੀ ਇਹ ਨਹੀਂ ਸੀ ਜਾਣਦੇ ਕਿ ਤਬਾਹੀ ਏਨੀ ਵੱਡੀ ਹੋਵੇਗੀ। ਸਿਰਫ ਤਿੰਨ ਦਿਨ ਲੰਘਣ ਮਗਰੋਂ ਏਸੇ ਅਮਰੀਕੀ ਫੌਜ ਨੇ ਇੱਕ ਹੋਰ ਜਾਪਾਨੀ ਸ਼ਹਿਰ ਨਾਗਾਸਾਕੀ ਉੱਤੇ ਏਦਾਂ ਦਾ ਦੂਸਰਾ ਬੰਬ ਜਾ ਸੁੱਟਿਆ ਅਤੇ ਜਿੰਨੀ ਤਬਾਹੀ ਏਥੇ ਹੋਈ ਸੀ, ਸ਼ਾਇਦ ਉਸ ਤੋਂ ਵੱਧ ਨਾਗਾਸਾਕੀ ਵਿੱਚ ਕਰ ਕੇ ਇਹ ਪਰਖ ਕੀਤੀ ਗਈ ਸੀ ਕਿ ਜਿਹੜਾ ਬੰਬ ਅਮਰੀਕੀਆਂ ਕੋਲ ਆ ਗਿਆ ਹੈ, ਇਸ ਦੇ ਅੱਗੇ ਕੋਈ ਟਿਕ ਨਹੀਂ ਸਕੇਗਾ। ਨਤੀਜਾ ਇਹ ਸੀ ਕਿ ਉਸ ਦਹਾਕੇ ਦੇ ਸ਼ੁਰੂ ਵਿੱਚ ਜਿਹੜੇ ਹੀਰੋਸ਼ੀਮਾ ਦੀ ਆਬਾਦੀ ਸਾਢੇ ਕੁ ਤਿੰਨ ਲੱਖ ਸੀ ਤੇ ਵਾਧੇ ਦੀ ਦਰ ਵੇਖਦਿਆਂ ਅਗਲੇ ਦਹਾਕੇ ਦੇ ਬਾਅਦ ਉਸ ਦੇ ਚਾਰ ਲੱਖ ਹੋ ਜਾਣ ਦੀ ਆਸ ਸੀ, ਇਹ ਬੰਬ ਸੁੱਟੇ ਜਾਣ ਦੇ ਇੱਕੋ ਸਾਲ ਵਿੱਚ ਘਟ ਕੇ ਡੇਢ ਲੱਖ ਤੋਂ ਹੇਠਾਂ ਆ ਡਿੱਗੀ ਅਤੇ ਮਸਾਂ ਇੱਕ ਲੱਖ ਸੈਂਤੀ ਹਜ਼ਾਰ ਲੋਕ ਓਥੇ ਰਹਿ ਗਏ ਸਨ। ਹਜ਼ਾਰਾਂ ਲੋਕ ਮਾਰੇ ਗਏ ਸਨ, ਹਜ਼ਾਰਾਂ ਹੋਰ ਸਰੀਰਕ ਪੱਖੋਂ ਪੱਕੇ ਨਾਕਾਰਾ ਹੋ ਕੇ ਹਸਪਤਾਲਾਂ ਵਿੱਚ ਜਾ ਪਏ ਸਨ ਅਤੇ ਬਾਕੀ ਦੇ ਹਜ਼ਾਰਾਂ ਲੋਕ ਕਾਰੋਬਾਰ ਤਬਾਹ ਹੋਣ ਅਤੇ ਘਰ ਢਹਿ ਜਾਣ ਕਾਰਨ ਸਿਰ ਉੱਤੇ ਛੱਤ ਤੇ ਦੋ ਡੰਗ ਦੇ ਖਾਣੇ ਦੀ ਭਾਲ ਵਿੱਚ ਸ਼ਹਿਰ ਤੋਂ ਨਿਕਲ ਗਏ ਸਨ। ਇਹੋ ਹਾਲ ਇਸ ਪਿੱਛੋਂ ਸੁੱਟੇ ਗਏ ਦੂਸਰੇ ਬੰਬ ਨਾਲ ਨਾਗਾਸਾਕੀ ਸ਼ਹਿਰ ਦਾ ਹੋਇਆ ਸੀ, ਜਿਸ ਦੇ ਵੇਰਵੇ ਪੜ੍ਹ ਕੇ ਕਲੇਜਾ ਮੂੰਹ ਨੂੰ ਆ ਜਾਂਦਾ ਹੈ।

ਇਨ੍ਹਾਂ ਦੋਵਾਂ ਸ਼ਹਿਰਾਂ ਉੱਤੇ ਬੰਬ ਸੁੱਟਣ ਵਾਲਿਆਂ ਨੇ ਕਿਹਾ ਸੀ ਕਿ ਜੰਗ ਵਿੱਚ ਜਾਪਾਨ ਨੂੰ ਨੱਥ ਪਾਉਣ ਤੇ ਦੂਸਰੀ ਜੰਗ ਮੁਕਾਉਣ ਲਈ ਇਹ ਬੰਬ ਸੁੱਟੇ ਸਨ। ਸੱਚਾਈ ਇਹ ਸੀ ਕਿ ਸੰਸਾਰ ਜੰਗ ਵਿੱਚ ਫਾਸ਼ੀਵਾਦੀ ਧੜੇ ਦਾ ਆਗੂ ਅਡੌਲਫ ਹਿਟਲਰ ਪੰਝੀ ਅਪਰੈਲ ਨੂੰ ਖੁਦਕੁਸ਼ੀ ਕਰ ਗਿਆ ਸੀ ਅਤੇ ਉਸ ਦਾ ਜੋਟੀਦਾਰ ਮੁਸੋਲਿਨੀ ਅਠਾਈ ਅਪਰੈਲ ਨੂੰ ਮਾਰਿਆ ਗਿਆ ਸੀ। ਬਾਕੀ ਜੰਗ ਕੋਈ ਖਾਸ ਨਹੀਂ ਸੀ ਰਹਿ ਗਈ ਅਤੇ ਕੁਝ ਦਿਨਾਂ ਵਿੱਚ ਮੁੱਕ ਜਾਣੀ ਸੀ। ਅਸਲ ਵਿੱਚ ਇਹ ਬੰਬ ਜੰਗ ਛੇਤੀ ਮੁਕਾਉਣ ਲਈ ਨਹੀਂ, ਉਹ ਜੰਗ ਮੁੱਕਣੋਂ ਪਹਿਲਾਂ ਪਰਖਣ ਲਈ ਸੁੱਟੇ ਗਏ ਸਨ, ਕਿਉਂਕਿ ਇੱਕ ਪਾਸੇ ਇਹ ਸੋਚ ਸੀ ਕਿ ਦੁਨੀਆ ਨੂੰ ਆਪਣੀ ਤਾਕਤ ਵਿਖਾਉਣੀ ਹੈ ਤੇ ਦੂਸਰੇ ਪਾਸੇ ਇਹ ਖਿਆਲ ਸੀ ਕਿ ਜੰਗ ਖਤਮ ਹੋ ਜਾਣ ਪਿੱਛੋਂ ਇਸ ਬੰਬ ਨੂੰ ਜ਼ਮੀਨੀ ਤੌਰ ਉੱਤੇ ਪਰਖਣ ਦਾ ਮੌਕਾ ਨਹੀਂ ਰਹਿ ਜਾਣਾ। ਮੁੱਕਦੀ ਜੰਗ ਦੇ ਸਿਰੇ ਉੱਤੇ ਇਸ ਬੰਬ ਦੀ ਪਰਖ ਦੇ ਖਿਆਲ ਨਾਲ ਦੋਵਾਂ ਸ਼ਹਿਰਾਂ ਦੇ ਕੁੱਲ ਮਿਲਾ ਕੇ ਦੋ ਲੱਖਜਾਂ ਉਸ ਤੋਂ ਵੱਧ ਲੋਕ ਮਾਰੇ ਗਏ ਤੇ ਅਗਲੀ ਪੀੜ੍ਹੀ ਦੇ ਕਿੰਨੇ ਲੋਕ ਇਸ ਬੰਬ ਦੇ ਅਸਰ ਵਾਲੀਆਂ ਬਿਮਾਰੀਆਂ ਲੈ ਕੇ ਜੰਮੇ ਸਨ, ਇਸ ਨਾਲ ਬੰਬ-ਬਾਜ਼ਾਂ ਦੀ ਮੋਹਰੀ ਧਿਰ ਅਮਰੀਕਾ ਨੂੰ ਕੋਈ ਫਰਕ ਨਹੀਂ ਸੀ ਪੈਂਦਾ। ਨਾ ਉਸ ਨੂੰ ਓਦੋਂ ਕੋਈ ਫਰਕ ਪੈਂਦਾ ਸੀ, ਨਾ ਅੱਜ ਪੈਂਦਾ ਨਜ਼ਰ ਆਉਂਦਾ ਹੈ।

ਅੱਜਕੱਲ੍ਹ ਅਸੀਂ ਇੱਕ ਪਾਸੇ ਰੂਸ ਤੇ ਯੂਕਰੇਨ ਦੀ ਜੰਗ ਚੱਲਦੀ ਵੇਖਦੇ ਹਾਂ, ਜਿਸ ਦੌਰਾਨ ਰੂਸ ਦੀ ਹਮਲਾਵਰੀ ਨੂੰ ਕੋਈ ਵੀ ਠੀਕ ਨਹੀਂ ਕਹੇਗਾ, ਪਰ ਇਹ ਗੱਲ ਫਿਰ ਆਪਣੀ ਥਾਂ ਹੈ ਕਿ ਇਸ ਜੰਗ ਦੇ ਹਾਲਾਤ ਅਮਰੀਕਾ ਅਤੇ ਉਸ ਦੇ ਨਾਟੋ ਗੱਠਜੋੜ ਵਾਲੇ ਦੇਸ਼ਾਂ ਨੇ ਬਣਾਏਸਨ। ਯੂਕਰੇਨ ਨੂੰ ਆਪਣੇ ਨਾਟੋ ਗੱਠਜੋੜ ਵਿੱਚ ਮਿਲਾਉਣ ਦੀ ਜ਼ਿਦ, ਜਿਸ ਕਾਰਨ ਯੂਕਰੇਨ ਦੀ ਰਾਖੀ ਦੇ ਬਹਾਨੇ ਰੂਸ ਦੀਆਂ ਜੜ੍ਹਾਂ ਲਾਗੇ ਐਟਮੀ ਮਿਜ਼ਾਈਲਾਂ ਬੀੜਨ ਦਾ ਇਰਾਦਾ ਸੀ, ਦੋਵਾਂ ਦੇਸ਼ਾਂ ਵਿਚਾਲੇ ਜੰਗ ਦਾ ਮਾਹੌਲ ਬਣਾਉਂਦੀ ਰਹੀ ਸੀ। ਹਾਲੇ ਉਹ ਜੰਗ ਸਿਰੇ ਨਹੀਂ ਲੱਗੀ ਕਿ ਤਾਈਵਾਨ ਨੂੰ ਚੁੱਕਣਾ ਦੇ ਕੇ ਉਸ ਨੂੰ ਚੀਨ ਨਾਲ ਲੜਨ ਨੂੰ ਉਕਸਾਇਆ ਜਾਣ ਲੱਗਾ ਹੈ।

ਅਸੀਂ ਚੀਨ ਦੇ ਹਾਕਮਾਂ ਦੀਆਂ ਨੀਤੀਆਂ ਦੇ ਵਿਰੋਧੀ ਵੀ ਹੋਈਏ ਤਾਂ ਇਹ ਗੱਲ ਸੰਘੋਂ ਹੇਠਾਂ ਨਹੀਂ ਉੱਤਰਦੀ ਕਿ ਤਾਈਵਾਨ ਅਚਾਨਕ ਉਸ ਅਮਰੀਕਾ ਦੇ ਹਾਕਮਾਂ ਨੂੰ ਪਿਆਰਾ ਲੱਗਣ ਲੱਗ ਪਿਆ ਹੈ, ਜਿਨ੍ਹਾਂ ਨੇ ਕਿਸੇ ਸਮੇਂ ਰੂਸ ਨਾਲ ਵਿਰੋਧ ਕਾਰਨ ਖੁਦ ਚੀਨ ਨਾਲ ਨੇੜ ਕੀਤਾ ਅਤੇ ਤਾਈਵਾਨ ਨੂੰ ਅਣਗੌਲਿਆ ਕਰ ਦਿੱਤਾ ਸੀ। ਰੂਸ ਵਿੱਚ ਕਮਿਊਨਿਸਟ ਹਕੂਮਤ ਖਤਮ ਹੁੰਦੇ ਸਾਰ ਅਮਰੀਕਾ ਨੂੰ ਚੀਨ ਦੀ ਲੋੜ ਨਾ ਰਹੀ ਅਤੇ ਉਸ ਪਿੱਛੋਂ ਉਹ ਚੀਨ ਦੇ ਜੜ੍ਹੀਂ ਤੇਲ ਦੇਣ ਲਈ ਫਿਰ ਤਾਈਵਾਨ ਦੇ ਹੇਜਲੇ ਹੋਣ ਦੀ ਦੁਹਾਈ ਦੇਣ ਲੱਗ ਪਏ ਸਨ।

ਅਸੀਂ ਫਿਰ ਗੱਲ ਕਹਿ ਸਕਦੇ ਹਾਂ ਕਿ ਅਸੀਂ ਚੀਨ ਦੇ ਹਮਾਇਤੀ ਨਹੀਂ, ਪਰ ਇਤਿਹਾਸ ਦੇ ਵਰਕੇ ਪੜ੍ਹਨ ਦੀ ਲੋੜ ਹੈ, ਉਨ੍ਹਾਂ ਨੂੰ ਪਾੜਨ ਦੀ ਲੋੜ ਨਹੀਂ। ਇਤਿਹਾਸ ਦੱਸਦਾ ਹੈ ਕਿ ਕਿਸੇ ਸਮੇਂ ਚੀਨ ਵਿੱਚੋਂ ਜਦੋਂ ਚਿਆਂਗ ਕਾਈ ਸ਼ੈਕ ਵਾਲੀ ਧਿਰ ਲੋਕਾਂ ਦੇ ਉਭਾਰ ਤੋਂ ਡਰ ਕੇ ਤਾਈਵਾਨ ਨੂੰ ਭੱਜ ਗਈ, ਸੰਸਾਰ ਦੀ ਪੰਚਾਇਤ ਯੂ ਐੱਨ ਓ ਵਿੱਚਅਮਰੀਕਾ ਤੇ ਉਸ ਦੇ ਸਾਥੀਆਂ ਦੀ ਹਮਾਇਤ ਕਾਰਨ ਓਦੋਂ ਵੀ ਤਾਈਵਾਨ ਨੂੰ ਅਸਲੀ ਚੀਨ ਮੰਨਿਆ ਜਾਂਦਾ ਸੀ, ਜਦ ਕਿ ਉਨ੍ਹਾਂ ਨਾਲੋਂ ਅਜੋਕੇ ਚੀਨ ਦੀ ਆਬਾਦੀ ਓਦੋਂ ਵੀ ਕਈ ਗੁਣੀ ਸੀ। ਫਿਰ ਜਦੋਂ ਆਪਣੀ ਲੋੜ ਲਈ ਅਮਰੀਕੀ ਧਿਰ ਤਾਈਵਾਨ ਨੂੰ ਖੂੰਜੇ ਸੁੱਟਣ ਤੇ ਬੀਜਿੰਗ ਰਾਜਧਾਨੀ ਵਾਲੇ ਚੀਨ ਨੂੰ ਯੂ ਐੱਨ ਓ ਦਾ ਵੀਟੋ ਤਾਕਤ ਵਾਲਾ ਦੇਸ਼ ਬਣਾਉਣ ਦੀ ਹਮਾਇਤ ਵਿੱਚ ਆ ਖੜੋਤੀ ਤਾਂ ਚੀਨ ਦੀ ਖੁਸ਼ੀ ਲਈ ਅਮਰੀਕੀ ਰਾਸ਼ਟਰਪਤੀ ਉਸੇ ਵਾਂਗ 'ਵੰਨ ਚਾਈਨਾ ਪਾਲਿਸੀ' ਦੀ ਹਮਾਇਤ ਕਰਦੇ ਰਹੇ ਸਨ ਤੇ ਚੀਨ ਵੀ ਉਨ੍ਹਾਂ ਦੀ ਯਾਰੀ ਵਿੱਚ ਬਾਕੀ ਸਾਰੇ ਕਮਿਊਨਿਸਟ ਬਲਾਕ ਦਾ ਵਿਰੋਧੀ ਬਣ ਤੁਰਿਆ ਸੀ। ਯੂ ਐੱਨ ਓ ਦੀ ਵੀਟੋ ਤਾਕਤ ਵਾਲੀ ਮੈਂਬਰੀ ਚੀਨ ਨੂੰ ਦੇਂਦੇ ਸਮੇਂ ਤਾਈਵਾਨ ਨੂੰ ਯੂ ਐੱਨ ਦੀ ਮੈਂਬਰੀ ਤੋਂ ਕੱਢਣ ਵੇਲੇ ਉਸ ਨੂੰ ਯੂ ਐੱਨ ਦੀਆਂ ਸਾਰੀਆਂ ਜਥੇਬੰਦੀਆਂ ਤੋਂ ਵੀ ਕੱਢਿਆ ਗਿਆ ਸੀ। ਇਹੀ ਨਹੀਂ, ਉਸ ਵੇਲੇ ਯੂ ਐੱਨ ਓ ਦੇ ਸੈਕਟਰੀ ਜਨਰਲ ਊ ਥਾਂਟ ਨੇ ਇਸ ਬਾਰੇ ਮਤਾ ਪਾਸ ਹੋਣ ਦਾ ਐਲਾਨ ਕਰਨ ਦੇ ਭਾਸ਼ਣ ਵਿੱਚ ਕਿਹਾ ਸੀ ਕਿ ਅੱਜ ਤੋਂ ਤਾਈਵਾਨ ਨਾਂਅ ਦਾ ਕੋਈ ਵੱਖਰਾ ਦੇਸ਼ ਨਹੀਂ ਗਿਣਿਆ ਜਾਵੇਗਾ ਅਤੇ ਇਸ ਨੂੰ ਚੀਨ ਦਾ ਇੱਕ ਸੂਬਾ ਮੰਨਿਆ ਜਾਵੇਗਾ। ਇਸ ਤੋਂ ਸਾਫ ਹੈ ਕਿ ਅਸਲੀ ਚੀਨ ਦੋਵਾਂ ਵਿੱਚ ਕਿਸ ਨੂੰ ਮੰਨਣਾ ਹੈ, ਇਹ ਫੈਸਲਾ ਅੱਜ ਤੋਂ ਇਕਵੰਜਾ ਸਾਲ ਪਹਿਲਾਂ ਹੋ ਗਿਆ ਸੀ ਤੇ ਤਾਈਵਾਨ ਨੂੰ ਅੱਜ ਜੇ ਕੋਈ ਅਸਲੀ ਜਾਂ ਆਜ਼ਾਦ ਚੀਨ ਦੇਸ਼ ਮੰਨਣ ਦਾ ਨਾਟਕ ਕਰਦਾ ਹੈ ਤਾਂ ਉਹ ਸੰਸਾਰ ਦੀ ਸੱਥ ਯੂ ਐੱਨ ਓ ਦੇ ਉਸ ਵਕਤ ਦੇ ਮਤੇ ਦੀ ਉਲੰਘਣਾ ਕਰ ਕੇ ਸੰਸਾਰ ਦਾ ਮਾਹੌਲ ਵਿਗਾੜਨ ਦੇ ਰਾਹ ਪੈ ਗਿਆ ਹੈ। ਅਮਰੀਕਾ ਅਤੇ ਉਸ ਦੇ ਨਾਟੋ ਧੜੇ ਵਾਲੇ ਸਾਥੀ ਦੇਸ਼ਾਂ ਨੂੰ ਇਸ ਰਾਹ ਤੋਂ ਪਿੱਛੇ ਹਟਣਾ ਅਤੇ ਸੰਸਾਰ ਵਿੱਚ ਠੰਢ ਰੱਖਣੀ ਚਾਹੀਦੀ ਹੈ।

ਇਸ ਦਾ ਮਤਲਬ ਇਹ ਨਹੀਂ ਕਿ ਚੀਨ ਜੋ ਵੀ ਕਰੀ ਜਾਵੇ, ਉਸ ਵੱਲੋਂ ਸੰਸਾਰ ਦੇ ਦੇਸ਼ ਅੱਖਾਂ ਮੀਟ ਲੈਣ, ਉਸ ਦੇ ਹਰ ਗਲਤ ਕਦਮ ਦਾ ਵਿਰੋਧ ਕੀਤਾ ਜਾ ਸਕਦਾ ਹੈ, ਪਰ ਖਿਆਲ ਰੱਖਣ ਵਾਲੀ ਗੱਲ ਹੈ ਕਿ ਅੱਜ ਦਾ ਸੰਸਾਰ ਹਿਟਲਰ ਦੇ ਸਮੇਂ ਲੱਗੀ ਸੰਸਾਰ ਜੰਗ ਦੇ ਵਕਤ ਵਾਲਾ ਨਹੀਂ। ਉਸ ਜੰਗ ਦੇ ਮੁੱਕਣ ਤੱਕ ਸਿਰਫ ਅਮਰੀਕਾ ਕੋਲ ਐਟਮ ਬੰਬ ਹੋਣ ਦੀ ਝਲਕ ਹੀਰੋਸ਼ੀਮਾ ਤੇ ਨਾਗਾਸਾਕੀ ਦੀ ਤਬਾਹੀ ਨਾਲ ਮਿਲੀ ਸੀ। ਅੱਜ ਸਥਿਤੀ ਬਦਲ ਚੁੱਕੀ ਹੈ। ਸਾਡੇ ਭਾਰਤੀ ਲੋਕਾਂ ਵਿੱਚ ਇਹ ਗੱਲ ਆਮ ਕਹੀ ਜਾਂਦੀ ਹੈ ਕਿ ਬਿਹਾਰ ਤੇ ਉਸ ਦੇ ਨਾਲ ਜੁੜਦੇ ਕੁਝ ਰਾਜਾਂ ਵਿੱਚ ਬੰਬ ਰੇੜ੍ਹੀਆਂ ਉੱਤੇ ਰੱਖੇ ਕੱਦੂਆਂ ਵਾਂਗ ਵਿਕਦੇ ਫਿਰਦੇ ਹਨ। ਅੱਜ ਦੇ ਸੰਸਾਰ ਵਿੱਚ ਐਟਮ ਬੰਬ ਛੋਟੇ-ਛੋਟੇ ਦੇਸ਼ਾਂ ਕੋਲ ਪਹੁੰਚਣ ਦੇ ਬਾਅਦ ਉਹ ਆਪਣੀ ਔਕਾਤ ਵੇਖੇ ਬਿਨਾਂ ਲਲਕਾਰੇ ਮਾਰਦੇ ਫਿਰਦੇ ਹਨ। ਪਾਕਿਸਤਾਨ ਵਰਗਾ ਦੇਸ਼, ਜਿਸ ਦੀ ਸਰਕਾਰ ਕੋਲ ਆਪਣੇ ਰੋਜ਼ ਦੇ ਕੰਮ ਚਲਾਉਣ ਨੂੰ ਚਾਰ ਪੈਸਿਆਂ ਦਾ ਜੁਗਾੜ ਨਹੀਂ ਤੇ ਜਿਸ ਦੇ ਹਾਕਮ ਠੂਠਾ ਫੜ ਕੇ ਸੰਸਾਰ ਦੇ ਦੇਸ਼ਾਂ ਤੋਂ ਚੰਦ ਡਾਲਰਾਂ ਦੀ ਖੈਰਾਤ ਮੰਗਣ ਚੜ੍ਹੇ ਰਹਿੰਦੇ ਹਨ, ਉਹ ਵੀ ਗਵਾਂਢੀ ਦੇਸ਼ਾਂ ਨੂੰ ਹਰ ਮੌਕੇ ਦਬਕੇ ਮਾਰਦਾ ਹੈ ਕਿ ਉਸ ਕੋਲ ਐਟਮ ਬੰਬ ਹੈ। ਉਸ ਦੇ ਇੱਕ ਕੈਬਨਿਟ ਮੰਤਰੀ ਨੇ ਦੋ ਸਾਲ ਪਹਿਲਾਂ ਇਹ ਵੀ ਕਿਹਾ ਸੀ ਕਿ ਪਾਕਿਸਤਾਨ ਕੋਲ ਪਾਈਆ-ਪਾਈਆ ਦੇ ਐਟਮ ਬੰਬ ਹਨ, ਜਿਹੜੇ ਭਾਰਤ ਵਿਰੁੱਧ ਵਰਤੇ ਜਾ ਸਕਦੇ ਹਨ। ਅਮਰੀਕਾ ਅਤੇ ਉਸ ਦੇ ਸਾਥੀ ਦੇਸ਼ਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਜਦੋਂ ਪਾਈਆ-ਪਾਈਆ ਦੇ ਐਟਮ ਬੰਬਾਂ ਦੀਆਂ ਛੁਰਲੀਆਂ ਛੱਡਣ ਵਾਲੇ ਦੇਸ਼ ਵੀ ਆਪਣੇ ਆਪ ਨੂੰ ਰਾਣੀ ਖਾਂ ਦੇ ਰਿਸ਼ਤੇਦਾਰ ਸਮਝਦੇ ਹਨ ਤਾਂ ਅੱਜ ਦੇ ਯੁੱਗ ਵਿੱਚ ਜੰਗਾਂ ਵਾਲਾ ਸ਼ੌਕ ਕਿਸੇ ਦਿਨ ਸੰਸਾਰ ਦੀ ਸਮੁੱਚੀ ਮਨੁੱਖਤਾ ਦੇ ਘਾਣ ਦਾ ਕਾਰਨ ਵੀ ਬਣ ਸਕਦਾ ਹੈ। ਹੀਰੋਸ਼ੀਮਾ ਜਾਂ ਦੂਸਰੇ ਤਬਾਹ ਹੋਏ ਸ਼ਹਿਰ ਨਾਗਾਸਾਕੀ ਦੇ ਲੋਕਾਂ ਨੂੰ ਪੁੱਛ ਲੈਣਾ ਚਾਹੀਦਾ ਹੈ ਕਿ ਐਟਮੀ ਬੰਬਾਂ ਦੀ ਮਾਰ ਦਾ ਕੀ ਅਰਥ ਹੁੰਦਾ ਹੈ ਅਤੇ ਜੇ ਅੱਜ ਦੇ ਯੁੱਗ ਵਿੱਚ ਇਹੋ ਜਿਹੀ ਜੰਗ ਛਿੜ ਗਈ ਤਾਂ ਭੱਜਦਿਆਂ ਨੂੰ ਵਾਹਣ ਸਾਰਿਆਂ ਨੂੰ ਇੱਕੋ ਜਿਹਾ ਹੋ ਸਕਦਾ ਹੈ। ਭਵਿੱਖ ਦੀ ਚਿੰਤਾ ਕਰਨੀ ਚਾਹੀਦੀ ਹੈ।


## ਵਿਦੇਸ਼ਾਂ 'ਚ ਪੜ੍ਹਨ ਗਏ ਮਾਪੇ ਸਾਵਧਾਨ ਰਹਿਣ, ਠੱਗਾਂ ਵੱਲੋਂ ਤੁਹਾਡੇ ਕੋਲੋਂ ਇਸ ਢੰਗ ਨਾਲ 'ਠੂੰਗੇ' ਜਾ ਸਕਦੇ ਹਨ ਲੱਖਾਂ ਰੁਪਏ



ਜੇਕਰ ਤੁਹਾਡਾ ਬੱਚਾ ਜਾਂ ਬੱਚੇ ਵਿਦੇਸ਼ 'ਚ ਪੜ੍ਹਦੇ ਹਨ ਤਾਂ ਇਸ ਲਿਖਤ ਰਾਹੀਂ ਤੁਹਾਨੂੰ ਸੁਚੇਤ ਕੀਤਾ ਜਾਂਦਾ ਹੈ ਕਿ ਸਾਵਧਾਨ ਰਹੋ ਤਾਂ ਕਿ ਕੋਈ ਠੱਗ ਤੁਹਾਡੀ ਖ਼ੂਨ ਪਸੀਨੇ ਦੀ ਕਮਾਈ ਨੂੰ 'ਠੂੰਗ' ਕੇ ਤਿੱਤਰ ਨਾ ਹੋ ਜਾਵੇ।

ਮਾਮਲਾ ਇਹ ਸਾਹਮਣੇ ਆਇਆ ਹੈ ਕਿ ਠੱਗਾਂ ਵੱਲੋਂ ਵਿਦੇਸ਼ਾਂ 'ਚ ਪੜ੍ਹਦੇ ਬੱਚਿਆਂ ਦੇ ਮਾਪਿਆਂ ਤੱਕ ਪਹੁੰਚ ਬਣਾ ਕੇ ਉਹਨਾਂ ਨੂੰ ਫੋਨ ਰਾਹੀਂ ਕਿਹਾ ਜਾਂਦਾ ਹੈ ਕਿ ਉਹਨਾਂ ਦੇ ਲੜਕੇ ਜਾਂ ਲੜਕੀ ਨੂੰ ਪੁਲਿਸ ਨੇ ਗ੍ਰਿਫਤਾਰ ਕੀਤਾ ਹੋਇਆ ਹੈ। ਅਸੀਂ ਵਕੀਲ ਦੀ ਤਰਫੋਂ ਜਾਂ ਖੁਦ ਵਕੀਲ ਬੋਲ ਰਹੇ ਹਾਂ। ਜਮਾਨਤੀ ਫੀਸ ਵਜੋਂ 5 ਤੋਂ 10 ਲੱਖ ਰੁਪਏ ਭਾਰਤੀ ਕਰੰਸੀ ਦੀ ਮੰਗ ਕੀਤੀ ਜਾਂਦੀ ਹੈ ਤਾਂ ਕਿ ਜਮਾਨਤ ਜਾਂ ਸਕਿਊਰਟੀ ਲਈ ਰਾਸ਼ੀ ਜਮਾਂ ਕਰਵਾਈ ਜਾ ਸਕੇ। ਇੱਕ ਸੱਚੀ ਵਾਪਰੀ ਘਟਨਾ ਆਪ ਸਭ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ ਤਾਂ ਕਿ ਕੋਈ ਲੁੱਟੇ ਜਾਣ ਤੋਂ ਬਚ ਜਾਵੇ। ਹੋਇਆ ਇਉਂ ਕਿ ਬਲਵੰਤ ਸਿੰਘ (ਫਰਜ਼ੀ ਨਾਮ) ਦੇ ਫੋਨ 'ਤੇ ਘੰਟੀ ਵੱਜਦੀ ਹੈ। ਪੈਂਦੀ ਸੱਟੇ ਵਿਦੇਸ਼ ਗਏ ਪੁੱਤਰ ਦਾ ਨਾਮ, ਕੋਰਸ, ਕਾਲਜ, ਸ਼ਹਿਰ ਦੀ ਜਾਣਕਾਰੀ ਬਲਵੰਤ ਸਿੰਘ ਨਾਲ ਸਾਂਝੀ ਕਰਕੇ ਦੱਸਿਆ ਜਾਂਦਾ ਹੈ ਕਿ ਉਹਨਾਂ ਦੇ ਲੜਕੇ ਨੂੰ ਨਸ਼ਾ ਤਸਕਰੀ ਦੇ ਕੇਸ ਵਿੱਚ ਪੁਲਿਸ ਵੱਲੋਂ ਗ੍ਰਿਫਤਾਰ ਕੀਤਾ ਗਿਆ ਹੈ। ਅਸੀਂ ਉਸ ਦੇ ਵਕੀਲ ਦੇ ਦਫਤਰ ਵੱਲੋਂ ਗੱਲ ਕਰ ਰਹੇ ਹਾਂ। ਤੁਸੀਂ ਲੜਕੇ ਦੇ ਫੋਨ 'ਤੇ ਭੁੱਲ ਕੇ ਵੀ ਕਾਲ ਨਹੀਂ ਕਰਨੀ, ਅਜਿਹਾ ਨਾ ਹੋਵੇ ਕਿ ਉਹ ਹੋਰ ਵਧੇਰੇ ਮੁਸ਼ਕਿਲ ਵਿੱਚ ਫਸ ਜਾਵੇ। ਪੁਲਿਸ ਵੱਲੋਂ ਉਹਦੀ ਹਰ ਕਾਲ ਰਿਕਾਰਡ ਕੀਤੀ ਜਾ ਰਹੀ ਹੈ।

ਇੰਨਾ ਸੁਣਨ ਸਾਰ ਹੀ ਪਿਓ ਨੂੰ ਠੰਢੀਆਂ ਤਰੇਲੀਆਂ ਆਉਣ ਲਗਦੀਆਂ ਹਨ। ਫੋਨ ਕਰਨ ਵਾਲੇ ਭਾਈ ਨੂੰ ਹੱਲ ਪੁੱਛਿਆ ਤਾਂ ਉਸਨੇ ਸਿੱਧੀ ਸਿੱਧੀ ਬਾਤ ਮੁਕਾ ਦਿੱਤੀ ਕਿ ਸਿਰਫ ਚਾਰ ਘੰਟੇ ਦੇ ਅੰਦਰ ਅੰਦਰ ਜੇ 5 ਲੱਖ ਰੁਪਏ ਦਾ ਬੰਦੋਬਸਤ ਨਾ ਕੀਤਾ ਗਿਆ ਤਾਂ ਗੱਲ ਡਿਪੋਰਟ ਹੋਣ ਤੱਕ ਪਹੁੰਚ ਸਕਦੀ ਹੈ। ਫੋਨ ਕਰਨ ਵਾਲਾ ਆਦਮੀ ਫੋਨ 'ਤੇ ਲਗਾਤਾਰ ਗੱਲ ਕਰ ਰਿਹਾ ਹੈ, ਸਲਾਹਾਂ ਦੇ ਰਿਹਾ ਹੈ ਕਿ ਜੇਕਰ ਖੜ੍ਹੇ ਪੈਰ ਕਿਸੇ ਕੋਲੋਂ ਉਧਾਰੇ ਪੈਸੇ ਫੜ੍ਹਨੇ ਹਨ ਤਾਂ ਕਿਸੇ ਹੋਰ ਫੋਨ ਤੋਂ ਗੱਲ ਕਰੋ। ਬਹੁਤ ਹੀ ਪ੍ਰੇਸ਼ਾਨੀ ਭਰੇ ਮਾਹੌਲ ਵਿੱਚ ਤਿੰਨ ਕੁ ਘੰਟਿਆਂ 'ਚ ਪੈਸਿਆਂ ਦਾ ਬੰਦੋਬ-ਸਤ ਹੋ ਜਾਂਦਾ ਹੈ ਤਾਂ ਪੰਜਾਬ 'ਚ ਹੀ ਕਿਸੇ ਬੰਦੇ ਦੇ ਖਾਤੇ 'ਚ ਪੈਸੇ ਟਰਾਂਸਫਰ ਕਰਨ ਨੂੰ ਕਿਹਾ ਜਾਂਦਾ ਹੈ। ਅੰਤ ਬੈਂਕ ਪਹੁੰਚ ਕੇ ਪੈਸੇ ਵੀ ਟਰਾਂਸਫਰ ਹੋ ਜਾਂਦੇ ਹਨ।



ਮਨਦੀਪ ਖੁਰਮੀ ਹਿੰਮਤਪੁਰਾ

ਮਾਂ ਪਿਓ ਤੇ ਰਿਸ਼ਤੇਦਾਰ ਮੁੰਡੇ ਨੂੰ ਫੋਨ ਕਰਨੋਂ ਵੀ ਡਰਦੇ ਹਨ ਕਿ ਫੋਨ ਰਿਕਾਰਡ ਨਾ ਹੋ ਜਾਵੇ। ਅਚਾਨਕ ਬਲਵੰਤ ਸਿੰਘ ਦੇ ਦਿਮਾਗ 'ਚ ਗੱਲ ਆਉਂਦੀ ਹੈ ਕਿ ਕਿਉਂ ਨਾ ਲੜਕੇ ਦੇ ਦੋਸਤ ਨੂੰ ਫੋਨ ਕਰਕੇ ਪੁੱਛਿਆ ਜਾਵੇ? ਜਿਉਂ ਹੀ ਦੋਸਤ ਨੂੰ ਫੋਨ ਕੀਤਾ, ਬਹੁਤ ਖੁਸ਼ ਹੋ ਕੇ ਗੱਲ ਕੀਤੀ। ਬੇਟੇ ਬਾਰੇ ਪੁੱਛਿਆ ਤਾਂ ਉਹਨੇ ਦੱਸਿਆ ਕਿ ਉਹਨਾਂ ਦਾ ਬੇਟਾ ਤਾਂ ਦਸ ਮਿੰਟ ਪਹਿਲਾਂ ਹੀ ਉਹਦੇ ਘਰੋਂ ਹੀ ਬੈਠਾ ਗਿਆ ਹੈ।

ਫਿਰ ਬੈਂਕ ਨਾਲ ਸੰਪਰਕ ਕਰਕੇ "ਵੱਜ ਚੁੱਕੀ ਠੱਗੀ" ਨੂੰ ਰੋਕਣ ਲਈ ਹੱਥ ਪੈਰ ਮਾਰੇ ਜਾਂਦੇ ਹਨ ਪਰ ਓਦੋਂ ਨੂੰ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ। ਪੈਸਾ ਹਜ਼ਮ, ਖੇਡ ਖਤਮ।

ਸੋ ਦੋਸਤੋ, ਜਿਵੇਂ ਫੇਸਬੁੱਕ 'ਤੇ ਤੁਹਾਡਾ ਜਾਅਲੀ ਅਕਾਊਂਟ ਬਣਾ ਕੇ ਤੁਹਾਡੇ ਦੋਸਤਾਂ ਕੋਲੋਂ ਪੈਸਿਆਂ ਦੀ ਮੰਗ ਕਰਨ ਦਾ ਢਕਵੰਜ ਪੂਰੇ ਜ਼ੋਰਾਂ 'ਤੇ ਚੱਲ ਚੁੱਕਿਆ ਹੈ, ਹੁਣ ਉੱਪਰ ਸੁਣਾਈ ਵਾਰਤਾ ਵਾਲਾ ਫੰਡਾ ਤੁਹਾਡੇ 'ਤੇ ਵੀ ਵਰਤਿਆ ਜਾ ਸਕਦਾ ਹੈ। ਸੋਚਣ ਵਾਲੀ ਗੱਲ ਇਹ ਹੈ ਕਿ ਵਿਦੇਸ਼ਾਂ 'ਚ ਪੜ੍ਹਨ ਗਏ ਬੱਚਿਆਂ ਦੇ ਪਰਿਵਾਰ ਦੇ ਫੋਨ ਨੰਬਰ, ਪਿੰਡ ਪਤਾ, ਬੱਚੇ ਦਾ ਨਾਂ, ਵਿਦੇਸ਼ ਵਾਲੇ ਕਾਲਜ, ਕੋਰਸ, ਸ਼ਹਿਰ ਤੱਕ ਦੀ ਜਾਣਕਾਰੀ ਲੀਕ ਕਿੱਥੋਂ ਹੋਈ ਹੋਵੇਗੀ ਜਾਂ ਹੁੰਦੀ ਹੋਵੇਗੀ?? ਇਹ ਦਿਮਾਗ ਤੁਸੀਂ ਖੁਦ ਲੜਾਉਣਾ ਹੈ ਤੇ ਨਾਲ ਹੀ ਇਸ ਵਾਰਤਾ ਦਾ ਜ਼ਿਕਰ ਆਪਣੇ ਪਰਿਵਾਰ ਵਿੱਚ ਬੈਠ ਕੇ ਹਰ ਜੀਅ ਨਾਲ, ਰਿਸ਼ਤੇਦਾਰਾਂ, ਦੋਸਤਾਂ ਨਾਲ ਜ਼ਰੂਰ ਕਰੋ ਤਾਂ ਕਿ ਠੱਗ ਕਿਸੇ ਦੀ ਵੀ ਜੇਬ ਨੂੰ ਥੁੱਕ ਨਾ ਲਾ ਜਾਣ। ਇਸ ਜਾਣਕਾਰੀ ਨੂੰ ਆਪਣੇ ਦਾਇਰੇ ਵਿੱਚ ਜ਼ਰੂਰ ਫੈਲਾਓ ਤਾਂ ਕਿ ਠੱਗ ਨੰਗੇ ਕੀਤੇ ਜਾ ਸਕਣ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਅਤੇ ਦਮਦਮੀ ਟਕਸਾਲ ਦਾ 316ਵਾਂ ਸਥਾਪਨਾ ਦਿਵਸ

- ਪ੍ਰੋ:ਸਰਚਾਂਦ ਸਿੰਘ ਖਿਆਲਾ

ਕਲਗ਼ੀਧਰ ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵੱਲੋਂ ਵਰੋਸਾਈ ਹੋਈ ਸਿੱਖ ਪੰਥ ਦੀ ਸਿਰਮੌਰ ਜਥੇਬੰਦੀ ਦਮਦਮੀ ਟਕਸਾਲ' ਨੇ 316 ਵਰ੍ਹੇ ਪੂਰੇ ਕਰ ਲਏ ਹਨ। ਦਮਦਮੀ ਟਕਸਾਲ ਅਠਾਰ੍ਹਵੀਂ ਸਦੀ ਤੋਂ ਲੈ ਕੇ ਅੱਜ ਤਕ ਆਪਣੀ ਸਥਾਪਨਾ ਦੇ ਉਦੇਸ਼ਾਂ ਦੀ ਪੂਰਤੀ ਹਿਤ ਗੁਰਬਾਣੀ ਦੇ ਅਦਬ ਸਤਿਕਾਰ ਨੂੰ ਸੇਵਾ ਅਤੇ ਸ਼ਰਧਾ ਭਾਵਨਾ ਨਾਲ ਨਿਭਾਉਂਦਿਆਂ ਗੁਰਬਾਣੀ ਅਤੇ ਗੁਰਸਿੱਖੀ ਦਾ ਪ੍ਰਚਾਰ ਪ੍ਰਸਾਰ, ਗੁਰ ਇਤਿਹਾਸ, ਰਹਿਤ ਮਰਿਆਦਾ ਦੇ ਸੰਪੂਰਨ ਨਿਯਮਾਂ, ਸੰਗਤ ਨੂੰ ਅੰਮ੍ਰਿਤ ਛਕਾ ਕੇ ਗੁਰੂ ਦੇ ਲੜ ਲਾਉਣ ਅਤੇ ਗੁਰਬਾਣੀ ਦਾ ਸ਼ੁੱਧ ਉਚਾਰਨ, ਗੁਰਬਾਣੀ ਦੇ ਅਨੁਭਵੀ ਅਰਥ, ਅੰਤਰੀਵ ਅਰਥ, ਅੱਖਰੀ ਅਰਥ ਅਤੇ ਭਾਵ ਅਰਥਾਂ ਦੇ ਵਡਮੁੱਲੇ ਖ਼ਜ਼ਾਨੇ ਨੂੰ ਸੀਨੇ ਬਸੀਨੇ ਸੰਭਾਲੀ ਰੱਖਿਆ ਹੈ। ਦਮਦਮੀ ਟਕਸਾਲ ਨੇ ਨਾ ਸਿਰਫ਼ ਪਾਠੀ, ਗਿਆਨੀ, ਰਾਗੀ, ਪ੍ਰਚਾਰਕ ਤੇ ਕਥਾਵਾਚਕ ਹੀ ਪੈਦਾ ਕੀਤੇ, ਸ਼ਹੀਦਾਂ ਦੀ ਇਹ ਮਹਾਨ ਜਥੇਬੰਦੀ ਨੇ ਦੇਸ਼ ਕੌਮ ਅਤੇ ਮਾਨਵੀ ਸਰੋਕਾਰਾਂ ਲਈ ਹਕੂਮਤਾਂ ਨਾਲ ਜ਼ਬਰਦਸਤ ਲੋਹਾ ਲੈਣ ਵਰਗੇ ਸਿਆਸੀ ਖੇਤਰ 'ਚ ਪਾਏ ਯੋਗਦਾਨ ਸਦਕਾ ਵਿਸ਼ਵ 'ਚ ਆਪਣੀ ਇੱਕ ਵਿਲੱਖਣ ਪਛਾਣ ਬਣਾਈ।

ਦਮਦਮੀ ਟਕਸਾਲ ਦੀ ਸਥਾਪਨਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਉਪਰੰਤ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ 7 ਅਗਸਤ 1706 ਨੂੰ ਕੀਤੀ ਅਤੇ ਸ਼ਹੀਦ ਬਾਬਾ ਦੀਪ ਸਿੰਘ ਜੀ ਨੂੰ ਪਹਿਲਾ ਮੁਖੀ ਥਾਪਿਆ ਗਿਆ।

ਸਿੱਖ ਇਤਿਹਾਸ 'ਚ ਇਹ ਪ੍ਰਚਲਿਤ ਹੈ ਕਿ ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ੍ਰੀ ਅਨੰਦਪੁਰ ਸਾਹਿਬ ਨਿਵਾਸ ਦੌਰਾਨ ਇਕ ਪ੍ਰੇਮੀ ਸਿੰਘ ਬੜੀ ਸ਼ਰਧਾ ਭਾਵਨਾ ਨਾਲ ਨਿੱਤਨੇਮ ਕਰ ਰਿਹਾ ਸੀ। 'ਦੱਖਣੀ ਓਅੰਕਾਰ' ਦੀ ਬਾਣੀ ਪੜ੍ਹਦਿਆਂ ਜਦੋਂ ਪੰਗਤੀ 'ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰ ਸੂਰਾ।" (ਅੰਗ ੯੩੦) ਆਈ ਤਾਂ ਪ੍ਰੇਮੀ ਸਿੰਘ ਗਲਤੀ ਨਾਲ 'ਕੈ" ਦੀ ਜਗ੍ਹਾ ''ਕੇ" ਪੜ੍ਹ ਗਿਆ। ਇਹ ਸੁਣ ਕੇ ਮਹਿਲਾਂ ਵਿਚ ਸਜੇ ਬੈਠੇ ਸਤਿਗੁਰੂ ਜੀ ਨੇ ਦੋ ਵਾਰੀ ਉਚੀ ਆਵਾਜ਼ ਵਿਚ ਪ੍ਰੇਮੀ ਨੂੰ ਸ਼ੁੱਧ ਪਾਠ ਕਰਨ ਲਈ ਕਿਹਾ। ਸਿੰਘ ਬਾਣੀ ਪੜ੍ਹਨ ਵਿਚ ਮਸਤ ਸੀ, ਆਵਾਜ਼ ਨਾ ਸੁਣੀ ਅਤੇ ਉਸੇ ਤਰ੍ਹਾਂ ਹੀ ਪੜ੍ਹੀ ਗਿਆ ਤਾਂ ਹਜ਼ੂਰ ਨੇ ਇਕ ਸਿੰਘ ਭੇਜ ਕੇ ਤਾੜਨਾ ਕਰਵਾਈ ਤੇ ਚਾਟਾਂ ਮਰਵਾਈਆਂ। ਉਸੇ ਦਿਨ ਹੀ ਉਸ ਸਿੰਘ ਨੇ ਸਵੇਰ ਦੇ ਦੀਵਾਨ ਵਿਚ ਆ ਕੇ ਬੇਨਤੀ ਕੀਤੀ ਕਿ, ਸਤਿਗੁਰੂ ਜੀ ! ਜੇ ਆਪ ਜੀ ਦੀ ਹਜ਼ੂਰੀ ਵਿਚ ਅੰਮ੍ਰਿਤ ਰੂਪ ਗੁਰਬਾਣੀ ਪੜ੍ਹਦਿਆਂ ਤਮਾਚੇ ਵੀ ਵੱਜਦੇ ਹਨ, ਤਾਂ ਫਿਰ ਸਾਡੀ ਕਲਿਆਣ ਕਿਵੇਂ ਹੋਵੇਗੀ। ਸਤਿਗੁਰੂ ਜੀ, ਤੁਹਾਡੇ ਡਿਉੜੀਦਾਰ ਨੇ ਮਾਰ ਪਾਈ ਹੈ।" ਸੁਣ ਕੇ ਸਤਿਗੁਰੂ ਜੀ ਨੇ ਕਿਹਾ, "ਸਿੰਘਾ ! ਗੁਰਬਾਣੀ ਸਾਡੇ ਅੰਗ ਹਨ। ਤੂੰ ਗੁਰਬਾਣੀ ਗ਼ਲਤ ਪੜ੍ਹਦਾ ਸੀ। ਸਾਨੂੰ ਜੋ ਖੇਦ ਗੁਰਬਾਣੀ ਗ਼ਲਤ ਪੜ੍ਹਨ ਤੋਂ ਹੋਇਆ ਹੈ, ਤੈਨੂੰ ਚਪੇੜਾਂ ਨਾਲ ਨਹੀਂ ਹੋਇਆ।"

ਇਹ ਸੁਣ ਕੇ ਸਿੰਘ ਨੇ ਨਿਮਰਤਾ ਨਾਲ ਗਲਤੀ ਬਾਰੇ ਪੁੱਛਿਆ ਤਾਂ ਸਤਿਗੁਰੂ ਜੀ, ਕ੍ਰਿਪਾ ਦੇ ਘਰ ਆਏ ਅਤੇ 'ਦੱਖਣੀ ਓਅੰਕਾਰ' ਦੀ ਉਹੀ ਤੁਕ ਪੜ੍ਹਨ ਲਈ ਕਿਹਾ, ਦੁਬਾਰਾ ਉਸ ਨੇ 'ਕੈ" ਦੀ ਜਗ੍ਹਾ ਕੇ' ਹੀ ਪੜ੍ਹਿਆ, ਤਾਂ ਹਜ਼ੂਰ ਨੇ ਕਿਹਾ ਇਹ ਅੱਖਰ ਨੂੰ ਗ਼ਲਤ ਪੜ੍ਹਿਆ ਹੈ ਜਿਸ ਕਰਕੇ ਅਰਥ ਦਾ ਉਲਟਾ ਅਨਰਥ ਹੋ ਗਿਆ ਹੈ। ਭਾਵ ਗ਼ਲਤ ਹੋ ਗਿਆ ਹੈ। ਕਿਉਂਕਿ ਇਸ ਪੰਗਤੀ ਦਾ ਠੀਕ ਅਰਥ ਇਹ ਹੈ ਕਿ 'ਕਰਤੇ' ਵਾਹਿਗੁਰੂ ਦੀ ਮਰਿਆਦਾ ਨੂੰ ਕਰਤਾ ਆਪ, ਜਾਣਦਾ ਹੈ (ਕੈ) ਅਥਵਾ ਗੁਰੂ ਸੂਰਮੇ ਜਾਣਦੇ ਹਨ। ਪਰ (ਕੇ) ਦਾ ਅਰਥ ਹੈ ਕੀ ਸਤਿਗੁਰੂ ਸੂਰਮੇ (ਕੇ) ਕੀ ਜਾਣਦੇ ਹਨ ? ਭਾਵ ਨਹੀਂ ਜਾਣਦੇ। ਇਉਂ ਉਲਟ ਅਰਥ ਬਣ ਗਿਆ। ਜੇ ਸਤਿਗੁਰੂ ਸੂਰਮੇ ਹੀ ਪ੍ਰਭੂ ਦੀ ਮਰਿਆਦਾ ਨੂੰ ਨਹੀਂ ਜਾਣਦੇ ਤਾਂ ਹੋਰ ਕੌਣ ਜਾਣਨਗੇ ? ਸੋ ਹੇ ਖ਼ਾਲਸਾ ਜੀ ਸਭ ਸਿੰਘ ਗੁਰਬਾਣੀ ਨੂੰ ਸੋਧ ਕੇ, ਵਿਚਾਰ ਕੇ ਤੇ ਚਿੱਤ ਟਿਕਾ ਕੇ ਪੜ੍ਹਿਆ ਕਰੋ। ਇਹ ਸੁਣ ਕੇ ਭਾਈ ਦਇਆ ਸਿੰਘ ਜੀ ਆਦਿ, ਮੁਖੀ ਸਿੰਘਾਂ ਨੇ ਬੇਨਤੀ ਕੀਤੀ, 'ਹੇ ਗ਼ਰੀਬ ਨਿਵਾਜ ਜੀ', ਆਪ ਕ੍ਰਿਪਾ ਕਰਕੇ ਗੁਰਬਾਣੀ ਦੇ ਅਰਥ ਪੜ੍ਹਾਓ ਜੀ। ਅਰਥਾਂ ਬਿਨਾਂ ਗੁਰਬਾਣੀ ਦੀ ਸੁੱਧੀ ਅਸੁੱਧੀ ਦਾ ਪਤਾ ਨਹੀਂ ਲੱਗਦਾ। ਤਾਂ ਹਜ਼ੂਰ ਨੇ ਫੁਰਮਾਇਆ ਸਿੰਘੋ ਸਾਡਾ ਇਕਰਾਰ ਰਿਹਾ, ਹੁਣ ਤਾਂ ਧਰਮ ਯੁੱਧ ਦਾ ਸਮਾਂ ਹੈ, ਜੰਗ ਤੋਂ ਵਿਹਲੇ ਹੋ ਕੇ ਅਰਥ ਪੜ੍ਹਾਵਾਂਗੇ।

ਜਦੋਂ ਕਲਗ਼ੀਧਰ ਪਿਤਾ ਜੀ, ਸਰਬੰਸ ਵਾਰ ਕੇ ਮੁਕਤਸਰ ਸਾਹਿਬ ਟੁੱਟੀ ਗੰਢਣ ਉਪਰੰਤ ਸਾਬੋ ਕੀ ਤਲਵੰਡੀ ਆਏ ਤਾਂ ਸਿੰਘਾਂ ਨੇ ਬੇਨਤੀ ਕੀਤੀ, ਹਜ਼ੂਰ ਜੋ ਆਪ ਜੀ ਨੇ ਗੁਰਬਾਣੀ ਦੇ ਅਰਥ ਪੜ੍ਹਾਉਣ ਦਾ ਇਕਰਾਰ ਕੀਤਾ ਸੀ, ਸੋ ਕ੍ਰਿਪਾ ਕਰਕੇ ਪੂਰਾ ਕਰੋ ਜੀ। ਤਾਂ ਮਹਾਰਾਜ ਜੀ ਨੇ ਧੀਰ ਮੱਲ ਦੇ ਪਾਸੋਂ ਕਰਤਾਰਪੁਰ ਸਾਹਿਬ ਤੋਂ ਪੰਜਵੇਂ ਪਾਤਿਸ਼ਾਹ ਜੀ ਦੁਆਰਾ ਰਚਿਆ ਗਿਆ ਸਰੂਪ ਜਿਸ 'ਚ ਵਿਚ ਨੌਵੇਂ ਪਾਤਸ਼ਾਹ ਜੀ ਦੀ ਬਾਣੀ ਲਿਖਣ ਵਾਸਤੇ ਜਗ੍ਹਾ ਖ਼ਾਲੀ ਛੱਡੀ ਗਈ ਹੈ, ਨੂੰ ਲੈ ਕੇ ਆਉਣ ਲਈ ਕਿਹਾ। ਸਤਿਗੁਰਾਂ ਦਾ ਹੁਕਮ ਮੰਨ ਕੇ 25 ਸਿੰਘ ਧੀਰ ਮੱਲ ਪਾਸ ਗਏ। ਤਾਂ ਧੀਰ ਮੱਲ ਨੇ ਉਤਰ ਦਿੱਤਾ, "ਇਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੰਜਵੇਂ ਸਰੂਪ ਵਿਚ ਤਿਆਰ ਕੀਤਾ ਹੈ, ਆਪ ਵੀ ਸਤਿਗੁਰੂ ਜੀ ਉਨ੍ਹਾਂ ਦੇ ਸਰੂਪ ਹੀ ਹਨ। ਆਪ ਕੰਠੋਂ ਕਿਉਂ ਨਹੀਂ ਰਚ ਲੈਂਦੇ।" ਸਿੰਘਾਂ ਰਾਹੀਂ ਧੀਰ ਮੱਲ ਦਾ ਅਜਿਹਾ ਜਵਾਬ ਸੁਣ ਹਜ਼ੂਰ ਨੇ ਸ਼ਹੀਦ ਬਾਬਾ ਦੀਪ ਸਿੰਘ ਜੀ ਨੂੰ ਕਾਗ਼ਜ਼, ਕਲਮਾਂ ਅਤੇ ਸਿਆਹੀ ਤਿਆਰ ਕਰਨ ਦੀ ਸੇਵਾ ਦਿੱਤੀ ਅਤੇ ਭਾਈ ਮਨੀ ਸਿੰਘ ਜੀ ਨੂੰ ਲਿਖਾਰੀ ਲਾ ਕੇ ਸੰਮਤ 1762 ਕੱਤਕ ਸੁਦੀ ਪੂਰਨਮਾਸ਼ੀ ਨੂੰ ਅੰਮ੍ਰਿਤ ਵੇਲੇ ਆਪਣੀ ਪਵਿੱਤਰ ਰਸਨਾ ਨਾਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਕੰਠੋਂ ਉਚਾਰਨ ਲੱਗੇ। ਐਸੀ ਅੰਗੰਮੀ ਕਲਮ ਚਲੀ, ਕਿ 'ਜਪੁਜੀ ਸਾਹਿਬ, ਰਹਿਰਾਸ ਸਾਹਿਬ, ਤੇ ਕੀਰਤਨ ਸੋਹਿਲਾ' ਤਕ ਗੁਰਬਾਣੀ ਪਹਿਲੇ ਦਿਨ ਹੀ ਲਿਖੀ ਗਈ ਅਤੇ ਸ਼ਾਮ ਨੂੰ ਸਾਰੀ ਬਾਣੀ ਦੇ ਅਰਥ ਸੰਗਤਾਂ ਨੂੰ ਸੁਣਾਏ। ਇਸ ਤਰ੍ਹਾਂ ਗੁਰਬਾਣੀ ਦੀ ਲਿਖਾਈ, ਪੜ੍ਹਾਈ ਅਤੇ ਅਰਥ ਸ਼ੁਰੂ ਹੋਏ। ਇਸ ਪ੍ਰਕਾਰ 9 ਮਹੀਨੇ 9 ਦਿਨ ਵਿਚ 1763 ਬਿਕਰਮੀ 23 ਸਾਵਣ ਤਕ ਅਰਥ ਪੜ੍ਹਾਏ ਅਤੇ ਸਾਰੀ ਗੁਰਬਾਣੀ 'ਨੌਵੇਂ ਪਾਤਸ਼ਾਹ ਜੀ ਦੀ ਬਾਣੀ ਸਮੇਤ, ੧ਓਤੋਂ ਲੈ ਕੇ ਅਠਾਰਹ ਦਸ ਬੀਸ'" ਤੱਕ, ਸੰਪੂਰਨ ਕੀਤੀ। ਲਗ-ਮਾਤਰ ਤਕ ਦਾ ਭੀ ਫਰਕ ਸਤਿਗੁਰਾਂ ਨੇ ਨਹੀਂ ਪਾਇਆ। ਹਜ਼ੂਰ ਨੇ ਇਸ ਸਾਬੋ ਕੀ ਤਲਵੰਡੀ ਦਾ ਨਾਮ, 'ਤਖ਼ਤ ਸ੍ਰੀ ਦਮਦਮਾ ਸਾਹਿਬ' ਗੁਰੂ ਕੀ ਕਾਸ਼ੀ ਰੱਖ ਕੇ ਵਰ ਦਿੱਤਾ, ਕਿ ਜੋ ਏਥੇ ਬੈਲ-ਬੁਧੀ ਵਾਲਾ ਵੀ ਪੜ੍ਹੇਗਾ, ਉਸ ਨੂੰ ਛੇਤੀ ਵਿੱਦਿਆ ਪ੍ਰਾਪਤ ਹੋਇਆ ਕਰੇਗੀ। ਗੁਰਬਾਣੀ ਦੇ ਸੰਪੂਰਨ ਹੋਣ, ਤੋਂ ਜੋ ਸਿਆਹੀ ਤੇ ਕਲਮਾਂ ਬਚੀਆਂ ਹਜ਼ੂਰ ਨੇ ਜਿਸ ਸਰੋਵਰ ਵਿਚ ਸੁੱਟੀਆਂ, ਉਸ ਦਾ ਨਾਮ ਲਿਖਣਸਰ ਰੱਖਿਆ। ਇਸ ਮੌਕੇ ਸ੍ਰੀ ਦਸਮੇਸ਼ ਜੀ ਤੋਂ ਅਰਥ ਸੁਣ ਕੇ 48 ਸਿੰਘ ਬ੍ਰਹਮ ਗਿਆਨ ਪਾ ਕੇ ਬਿਦੇਹ-ਮੁਕਤ ਹੋ ਗਏ। ਇਹ ਵੇਖ ਕੇ ਸਤਿਗੁਰੂ ਜੀ ਨੇ ਭਾਈ ਮਨੀ ਸਿੰਘ ਜੀ ਅਤੇ ਬਾਬਾ ਦੀਪ ਸਿੰਘ ਜੀ ਨੂੰ ਆਗਿਆ ਕੀਤੀ, ਕਿ ਭਾਈ ਸਾਹਿਬ ! ਤੁਸਾਂ ਦੂਜੇ ਸਿੰਘਾ ਵਾਂਗ ਬਿਦੇਹ-ਮੁਕਤ ਹੋ ਕੇ ਸਭ ਕੁਝ ਛੱਡਣਾ ਨਹੀਂ, ਸਗੋਂ ਸੇਵਾ ਕਰਨੀ ਹੈ। ਜੋ ਅੱਖਰ ਅਸੀਂ ਤੁਹਾਨੂੰ ਪੜ੍ਹਾਏ ਹਨ, ਉਹ ਅਗਾਂਹ ਸਿੰਘਾਂ ਨੂੰ ਪੜ੍ਹਾ ਕੇ ਸਫਲੇ ਕਰਨੇ ਹਨ। ਭਾਈ ਮਨੀ ਸਿੰਘ ਜੀ ਨੂੰ ਕਿਹਾ ਕਿ ਭਾਵੇਂ ਤੁਹਾਡੇ ਸਰੀਰ ਦਾ ਬੰਦ-ਬੰਦ ਕਿਉਂ ਨਾ ਕੱਟਿਆ ਜਾਵੇ ਅਤੇ ਬਾਬਾ ਦੀਪ ਸਿੰਘ ਨੂੰ ਕਿ ਭਾਵੇਂ ਤੁਹਾਡੇ ਸਰੀਰ ਨਾਲੋਂ ਸਿਰ ਵੀ ਵੱਖਰਾ ਕਿਉਂ ਨਾ ਹੋ ਜਾਵੇ, ਤੁਹਾਡੇ ਗਿਆਨ ਵਿਚ ਅਤੇ ਅਨੰਦ ਵਿਚ ਫਰਕ ਨਹੀਂ ਪਵੇਗਾ ਸਦਾ ਅਸਥਿਰ ਰਹੋਗੇ। ਗੁਰੂ ਸਾਹਿਬ ਨੇ ਭਾਈ ਮਨੀ ਸਿੰਘ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਅਤੇ ਬਾਬਾ ਦੀਪ ਸਿੰਘ ਜੀ ਨੂੰ ਦਮਦਮੀ ਟਕਸਾਲ ਦਾ ਮੁਖੀ ਥਾਪ ਦਿਆਂ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਰਹਿ ਕੇ ਗੁਰਬਾਣੀ ਦੇ ਅਰਥ ਪੜ੍ਹਾਓ ਅਤੇ ਗੁਰਮਤਿ ਪ੍ਰਚਾਰ ਦੀ ਸੇਵਾ ਦਿੱਤੀ ਗਈ। ਦਮਦਮੀ ਟਕਸਾਲ ਜਿਸ ਨੂੰ ਗਿਆਨੀਆਂ ਦੀ ਟਕਸਾਲ ਵਜੋਂ ਵੀ ਜਾਣਿਆ ਜਾਂਦਾ ਹੈ ਦੇ ਬਾਬਾ ਦੀਪ ਸਿੰਘ ਜੀ ਸ਼ਹੀਦ ਤੋਂ ਬਾਅਦ ਦੂਜੇ ਮੁਖੀ ਬਾਬਾ ਗੁਰਬਖ਼ਸ਼ ਸਿੰਘ ਜੀ ਸ਼ਹੀਦ ਬਣੇ, ਜਿਨ੍ਹਾਂ ਨੇ ਵੀ ਸ੍ਰੀ ਦਰਬਾਰ ਸਾਹਿਬ ਦੀ ਅਜ਼ਮਤ ਲਈ ਲਾਸਾਨੀ ਸ਼ਹਾਦਤ ਪਾਈ। ਉਨ੍ਹਾਂ ਤੋਂ ਬਾਅਦ ਗੁਰਮਤਿ ਤੋਂ ਇਲਾਵਾ ਫਾਰਸੀ, ਉਰਦੂ ਤੇ ਹਿੰਦੀ ਦੇ ਵਿਦਵਾਨ ਗਿਆਨੀ ਭਾਈ ਸੂਰਤ ਸਿੰਘ ਜੀ , ਗਿਆਨੀ ਭਾਈ ਗੁਰਦਾਸ ਸਿੰਘ ਜੀ ਤੇ ਮਹਾਰਾਜਾ ਰਣਜੀਤ ਸਿੰਘ ਨੂੰ ਪ੍ਰੇਰ ਕੇ ਸ੍ਰੀ ਦਰਬਾਰ ਸਾਹਿਬ ਸੋਨੇ ਦੀ ਸੇਵਾ ਕਰਵਾਉਣ ਵਾਲੇ ਸੰਤ ਗਿਆਨੀ ਭਾਈ ਸੰਤ ਸਿੰਘ ਜੀ, ਭਜਨੀਕ ਗੁਰਮੁਖ ਪਿਆਰੇ ਗਿਆਨੀ ਭਾਈ ਦਇਆ ਸਿੰਘ ਜੀ, ਸੰਤ ਗਿਆਨੀ ਭਗਵਾਨ ਸਿੰਘ ਜੀ, ਸੰਤ ਗਿਆਨੀ ਹਰਨਾਮ ਸਿੰਘ ਜੀ ਬੇਦੀ, ਸੰਤ ਗਿਆਨੀ ਬਿਸ਼ਨ ਸਿੰਘ ਜੀ ਮੁਰਾਲੇ ਵਾਲੇ ਅਤੇ ਸੰਤ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂਵਾਲੇ ਦੇ ਵੀ ਧਰਮ ਪ੍ਰਚਾਰ ਦੇ ਖੇਤਰ 'ਚ ਵੱਡੀਆਂ ਘਾਲਣਾਵਾਂ ਰਹੀਆਂ। ਬਾਹਰਵੇਂ ਮੁਖੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਜੀ ਵਿੱਦਿਆ ਮਾਰਤੰਡ, ਉੱਚ ਕੋਟੀ ਦੇ ਕਾਵਿ ਗਿਆਤਾ, ਨਾਮ ਰਸ ਵਿਚ ਭਿੱਜੀ ਹੋਈ ਮਹਾਨ ਆਤਮਾ, ਗੁਰਮਤਿ ਮਰਿਆਦਾ 'ਤੇ ਪੂਰਨ ਪਹਿਰਾ ਦੇਣ ਵਾਲੇ ਤੇ ਚਲਦੀ-ਫਿਰਦੀ ਯੂਨੀਵਰਸਿਟੀ ਮੰਨੇ ਗਏ। ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਨੇ ਹਿੰਦੁਸਤਾਨ ਦੇ ਕੋਨੇ ਕੋਨੇ ਵਿਚਰ ਕੇ ਗੁਰਬਾਣੀ ਕਥਾ ਰਾਹੀਂ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਜੋੜਿਆ ਤੇ ਅਨੇਕਾਂ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਇਆ ਅਤੇ ਦੇਹਧਾਰੀ ਗੁਰੂ ਡੰਮ੍ਹ ਦਾ ਸਖ਼ਤ ਵਿਰੋਧ ਕਰਦਿਆਂ ਪੰਥ ਵਿਚ ਜਾਗ੍ਰਿਤੀ ਪੈਦਾ ਕੀਤੀ। ਜਿਨ੍ਹਾਂ ਦੇ ਨਕਸ਼ੇ ਕਦਮਾਂ 'ਤੇ ਚੱਲ ਕੇ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੁਆਰਾ ਜੂਨ '84 'ਚ ਸ੍ਰੀ ਦਰਬਾਰ ਸਾਹਿਬ 'ਤੇ ਚੜ ਕੇ ਆਈ ਫ਼ੌਜ ਦਾ ਦਲੇਰੀ ਅਤੇ ਰਵਾਇਤ ਅਨੁਸਾਰ ਟਾਕਰਾ ਕਰਦਿਆਂ ਸਿੱਖ ਕੌਮ ਦੀ ਕੀਤੀ ਗਈ ਅਗਵਾਈ ਸਦਕਾ ਆਪ ਜੀ ਵੀਹਵੀਂ ਸਦੀ ਦੇ ਮਹਾਨ ਸਿੱਖ ਜਰਨੈਲ ਹੋ ਨਿੱਬੜੇ। ਉਨ੍ਹਾਂ ਤੋਂ ਬਾਅਦ ਸੰਤ ਬਾਬਾ ਠਾਕੁਰ ਸਿੰਘ ਜੀ ਨੇ ਜੀਵਨ ਭਰ ਬਾਖ਼ੂਬੀ ਸੇਵਾ ਨਿਭਾਈ। ਮੌਜੂਦਾ ਸਮੇਂ ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ ਦਮਦਮੀ ਟਕਸਾਲ ਦੇ ਸੋਲ੍ਹਵੇਂ ਮੁਖੀ ਹਨ। ਸਤਿਗੁਰ ਜੀ ਦੀ ਅਪਾਰ ਕ੍ਰਿਪਾ ਨਾਲ ਆਪ ਜੀ ਚੜ੍ਹਦੀਆਂ ਕਲਾਂ 'ਚ ਪੰਥਕ ਰਵਾਇਤਾਂ ਨੂੰ ਕਾਇਮ ਰੱਖਣ ਲਈ ਹਰ ਸਮੇਂ ਤਤਪਰ ਰਹਿੰਦੇ ਹਨ। ਆਪ ਜੀ ਸੂਝ ਸਿਆਣਪ ਤੇ ਸਮੇਂ ਦੀ ਨਜ਼ਾਕਤ ਅਨੁਸਾਰ ਰਣਨੀਤੀ ਬਣਾਉਣ 'ਚ ਮਾਹਿਰ ਹਨ। ਸਿੱਖ ਪੰਥ ਵੱਲੋਂ ਤਿੰਨ ਦਹਾਕਿਆਂ ਬਾਅਦ '84 ਦੇ ਘੱਲੂਘਾਰੇ ਦੌਰਾਨ ਸ੍ਰੀ ਦਰਬਾਰ ਸਾਹਿਬ ਦੀ ਅਜ਼ਮਤ ਲਈ ਸ਼ਹੀਦ ਹੋਏ ਸਮੂਹ ਅਣਖੀ ਸਿੰਘਾਂ ਸਿੰਘਣੀਆਂ ਦੀ ਯਾਦਗਾਰ ਅਤੇ ਫਿਰ ਉਸੇ ਯਾਦਗਾਰ ਦੇ ਹੇਠਾਂ ਸ਼ਹੀਦੀ ਗੈਲਰੀ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 13 ਭਾਗਾਂ 'ਚ ਸੰਪੂਰਨ ਅਰਥਾਂ ਵਾਲੀ ਸਟੀਕ ਪ੍ਰਕਾਸ਼ਿਤ ਕਰਵਾ ਕੇ ਗੁਰੂ ਪੰਥ ਨੂੰ ਸਮਰਪਿਤ ਕੀਤਾ ਗਿਆ। ਇਸ ਵਕਤ ਦਮਦਮੀ ਟਕਸਾਲ ਵੱਲੋਂ ਆਪ ਜੀ ਦੀ ਅਗਵਾਈ 'ਚ ਕਈ ਸਿੱਖਿਆ ਸੰਸਥਾਵਾਂ, ਹਸਪਤਾਲ ਅਤੇ ਦੋ ਦਰਜਨ ਦੇ ਕਰੀਬ ਗੁਰਦੁਆਰਿਆਂ ਦੀ ਸੇਵਾ ਸੰਭਾਲ ਕੀਤੀ ਜਾ ਰਹੀ ਹੈ ਜਿਨ੍ਹਾਂ 'ਚ 6 ਗੁਰਦੁਆਰੇ ਵਿਦੇਸ਼ਾਂ ਵਿਚ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਅਤੇ ਦਮਦਮੀ ਟਕਸਾਲ ਦੇ 316ਵਾਂ ਸਥਾਪਨਾ ਦਿਵਸ ਨੂੰ ਸਮਰਪਿਤ 7 ਰੋਜ਼ਾ ਸਮਾਗਮ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ 1 ਤੋਂ 7 ਅਗਸਤ ਤਕ ਮਨਾਇਆ ਜਾ ਰਿਹਾ ਹੈ।

# ਢਾਈ ਸਾਲ ਪੁਰਾਣੇ ਕੇਸ ਵਿੱਚ ਭਗਵੰਤ ਮਾਨ ਤੇ ਚੀਮਾ ਅਦਾਲਤ ਪੇਸ਼



* ਵਿਧਾਇਕਾ ਸਰਬਜੀਤ ਕੌਰ ਵੀ ਪੇਸ਼ ਹੋਈ
* ਅਮਨ ਅਰੋੜਾ ਤੇ ਬਲਜਿੰਦਰ ਕੌਰ ਦੇ ਵਾਰੰਟ ਜਾਰੀ

ਚੰਡੀਗੜ੍ਹ, 7 ਅਗਸਤ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕੱਲ੍ਹ ਸੈਕਟਰ-43 ਵਿੱਚ ਚੀਫ ਜੁਡੀਸ਼ਲ ਮੈਜਿਸਟਰੇਟ ਅਮਨ ਇੰਦਰ ਸਿੰਘ ਦੀ ਅਦਾਲਤ ਵਿੱਚ ਇੱਕ ਢਾਈ ਸਾਲ ਪੁਰਾਣੇ ਹਿੰਸਾ ਦੇ ਕੇਸ ਦੀ ਪੇਸ਼ੀ ਭੁਗਤੀ। ਉਨ੍ਹਾਂ ਨਾਲ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਤੇ ਵਿਧਾਇਕਾ ਸਰਬਜੀਤ ਕੌਰ ਵੀ ਪੇਸ਼ ਹੋਏ। ਅਦਾਲਤ ਨੇ ਸੁਣਵਾਈ ਮੌਕੇ ਮੁੱਖ ਮੰਤਰੀ ਭਗਵੰਤ ਮਾਨ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਤੇ ਵਿਧਾਇਕਾ ਸਰਬਜੀਤ ਕੌਰ ਮਾਣੂੰਕੇ ਦੀ ਜ਼ਮਾਨਤ ਮਨਜ਼ੂਰ ਕਰ ਲਈ ਅਤੇ ਕੇਸ ਦੀ ਅਗਲੀ ਸੁਣਵਾਈ 30 ਅਗਸਤ ਉੱਤੇ ਪਾਈ ਹੈ।

ਮਿਲੀ ਜਾਣਕਾਰੀ ਅਨੁਸਾਰ ਕੱਲ੍ਹ ਭਗਵੰਤ ਮਾਨ, ਹਰਪਾਲ ਚੀਮਾ ਅਤੇ ਸਰਬਜੀਤ ਕੌਰ ਮਾਣੂੰਕੇ ਆਪਣੇ ਵਕੀਲ ਅਨਮੋਲ ਰਤਨ ਸਿੱਧੂ ਨਾਲ ਸਵੇਰੇ 10.30 ਵਜੇ ਜ਼ਿਲ੍ਹਾ ਅਦਾਲਤ ਪਹੁੰਚੇ। ਅਦਾਲਤ ਨੇ ਤਿੰਨਾਂ ਦੀ ਜ਼ਮਾਨਤ ਮਨਜ਼ੂਰ ਕਰ ਕੇ ਚਲਾਨ ਦੀਆਂ ਕਾਪੀਆਂ ਦੇ ਦਿੱਤੀਆਂ। ਇਸੇ ਕੇਸ ਵਿੱਚ ਵਿਧਾਇਕ ਅਮਨ ਅਰੋੜਾ ਅਤੇ ਬਲਜਿੰਦਰ ਕੌਰ ਵੱਲੋਂ ਕੱਲ੍ਹ ਅਦਾਲਤ ਵਿੱਚ ਪੇਸ਼ ਨਾ ਹੋਣ ਉੱਤੇ ਅਦਾਲਤ ਨੇ ਦੋਵਾਂ ਨੂੰ ਵਾਰੰਟ ਜਾਰੀ ਕਰ ਕੇ ਅਗਲੀ ਪੇਸ਼ੀ ਉੱਤੇ ਹਾਜ਼ਰ ਹੋਣ ਦੀ ਹਿਦਾਇਤ ਕੀਤੀ ਹੈ। ਬਚਾਅ ਪੱਖ ਦੇ ਵਕੀਲ ਅਨਮੋਲ ਰਤਨ ਸਿੱਧੂ ਨੇ ਦੱਸਿਆ ਕਿ 22 ਮਾਰਚ ਨੂੰ ਅਦਾਲਤ ਨੇ ਕੇਸ ਦੀ ਸੁਣਵਾਈ ਮੌਕੇ ਭਗਵੰਤ ਮਾਨ ਅਤੇ ਹੋਰਨਾਂ ਨੂੰ ਅਦਾਲਤ ਪੇਸ਼ ਹੋਣ ਦੇ ਹੁਕਮ ਦਿੱਤੇ ਸਨ, ਜਿਸ ਦੀ ਪਾਲਣਾ ਵਾਸਤੇ ਕੱਲ੍ਹ ਭਗਵੰਤ ਮਾਨ, ਹਰਪਾਲ ਚੀਮਾ ਤੇ ਸਰਬਜੀਤ ਕੌਰ ਮਾਣੂੰਕੇ ਅਦਾਲਤ ਵਿੱਚ ਪੇਸ਼ ਹੋਏ ਸਨ। ਵਰਨਣ ਯੋਗ ਹੈ ਕਿ ਆਮ ਆਦਮੀ ਪਾਰਟੀ ਨੇ ਪੰਜਾਬ ਵਿੱਚ ਬਿਜਲੀ ਦੀਆਂ ਦਰਾਂ ਵਿੱਚ ਕਟੌਤੀ ਦੀ ਮੰਗ ਲਈ ਜਨਵਰੀ 2020 ਵਿੱਚ ਚੰਡੀਗੜ੍ਹ ਵਿੱਚ ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ ਕਰਨ ਦਾ ਐਲਾਨ ਕੀਤਾ ਸੀ। ਸ਼ਹਿਰ ਵਿੱਚ ਧਾਰਾ 144 ਲੱਗੀ ਹੋਣ ਕਰ ਕੇ ਚੰਡੀਗੜ੍ਹ ਪੁਲਸ ਨੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਇਨ੍ਹਾਂ ਦੇ ਪਾਰਟੀ ਵਰਕਰਾਂ ਤੇ ਪੁਲਸ ਵਿੱਚ ਖਿੱਚ-ਧੂਹ ਦੌਰਾਨ ਚੰਡੀਗੜ੍ਹ ਪੁਲਸ ਦੇ ਕਈ ਮੁਲਾਜ਼ਮਾਂ ਦੇ ਮਾਮੂਲੀ ਸੱਟਾਂ ਵੱਜੀਆਂ ਸਨ। ਥਾਣਾ ਸੈਕਟਰ-3 ਦੀ ਪੁਲਸ ਨੇ ਉਕਤ ਮਾਮਲੇ ਸਬੰਧੀ ਕਾਰਵਾਈ ਕਰਦਿਆਂ ਆਪ ਦੇ ਸੂਬਾ ਪ੍ਰਧਾਨ ਭਗਵੰਤ ਮਾਨ, ਸੱਤ ਵਿਧਾਇਕਾਂ ਸਣੇ 700-800 ਆਪ ਵਰਕਰਾਂ ਖਿਲਾਫ ਕੇਸ ਦਰਜ ਕੀਤਾ ਸੀ।

# ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨਾਂ ਦੇ ਵਾਰਸਾਂ ਨੂੰ ਮਾਨ ਸਰਕਾਰ ਨੇ ਮਾਲੀ ਸਹਾਇਤਾ ਦਿੱਤੀ

* 789 ਕਿਸਾਨ ਪਰਿਵਾਰਾਂ ਲਈ 39.53 ਕਰੋੜ ਦੀ ਮਦਦ ਜਾਰੀ


ਚੰਡੀਗੜ੍ਹ, 7 ਅਗਸਤ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਸਾਨਾਂ ਨਾਲ ਇੱਕ ਹੋਰ ਵਾਅਦਾ ਪੂਰਾ ਕਰਨ ਦਾ ਦਾਅਵਾ ਕਰਦਿਆਂ ਕਿਹਾ ਕਿ ਸਰਕਾਰ ਨੇ ਕਾਲੇ ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਵੇਲੇ ਸ਼ਹੀਦ ਹੋਏ 789 ਕਿਸਾਨਾਂ ਦੇ ਵਾਰਸਾਂ ਨੂੰ 39.55 ਕਰੋੜ ਰੁਪਏ ਦੀ ਵਿੱਤੀ ਮਦਦ ਪੁਚਾਉਣ ਦਾ ਕੰਮ ਮੁਕੰਮਲ ਹੋ ਗਿਆ ਹੈ।



ਵਰਨਣ ਯੋਗ ਹੈ ਕਿ ਪੰਜਾਬ ਵਿੱਚ ਕਿਸਾਨਾਂ ਨੇ ਸਤੰਬਰ 2020 ਵਿੱਚ ਖੇਤੀ ਕਾਨੂੰਨਾਂ ਵਿਰੁੱਧ ਸੰਘਰਸ਼ ਸ਼ੁਰੂ ਕੀਤਾ ਸੀ, ਜਦੋਂ ਕੋਰੋਨਾ ਮਹਾਮਾਰੀ ਸਿਖਰ ਉੱਤੇ ਸੀ। ਉਸ ਪਿੱਛੋਂ ਨਵੰਬਰ 2020 ਤੋਂ ਦਸੰਬਰ 2021 ਤਕ ਪੰਜਾਬ ਦੇ ਵੱਡੀ ਗਿਣਤੀ ਕਿਸਾਨ ਦਿੱਲੀ ਦੇ ਬਾਰਡਰਾਂ ਉੱਤੇ ਕੇਂਦਰ ਸਰਕਾਰ ਵਿਰੁੱਧ ਸੰਘਰਸ਼ ਵਿੱਚ ਡਟੇ ਰਹੇ ਸਨ। ਉਸ ਦੌਰਾਨ ਮਾਰੇ ਗਏ ਕਿਸਾਨਾਂ ਨੂੰ ਕਿਸਾਨ ਜਥੇਬੰਦੀਆਂ ਨੇ ਇਸ ਅੰਦੋਲਨ ਦੇ ਸ਼ਹੀਦ ਮੰਨਿਆ ਸੀ। ਮੁੱਖ ਮੰਤਰੀ ਨੇ ਦੱਸਿਆ ਕਿ ਸ਼ਹੀਦ ਕਿਸਾਨਾਂ ਦੇ ਵਾਰਸਾਂ ਨੂੰ ਵਿੱਤੀ ਮਦਦ ਵਜੋਂ ਪੰਜ ਲੱਖ ਰੁਪਏ ਪ੍ਰਤੀ ਪਰਵਾਰ ਦਿੱਤੇ ਗਏ ਹਨ। ਉਨ੍ਹਾਂ ਦੱਸਿਆ ਕਿ ਮਾਨਸਾ ਦੇ 89 ਪਰਵਾਰਾਂ ਨੂੰ 4.60 ਕਰੋੜ ਰੁਪਏ, ਤਰਨ ਤਾਰਨ ਦੇ 21 ਪਰਵਾਰਾਂ ਨੂੰ 1.05 ਕਰੋੜ ਰੁਪਏ, ਸੰਗਰੂਰ ਦੇ 117 ਪਰਵਾਰਾਂ ਨੂੰ 5.85 ਕਰੋੜ ਰੁਪਏ, ਮੋਗੇ ਦੇ 69 ਪਰਵਾਰਾਂ ਨੂੰ 3.45 ਕਰੋੜ ਰੁਪਏ, ਫਾਜ਼ਿਲਕਾ ਦੇ 10 ਪਰਵਾਰਾਂ ਨੂੰ ਪੰਜਾਹ ਲੱਖ ਰੁਪਏ, ਲੁਧਿਆਣੇ ਦੇ 48 ਪਰਵਾਰਾਂ ਨੂੰ 2.37 ਕਰੋੜ ਰੁਪਏ, ਬਰਨਾਲੇ ਦੇ 43 ਪਰਵਾਰਾਂ ਨੂੰ 2.15 ਕਰੋੜ ਰੁਪਏ, ਪਟਿਆਲੇ ਦੇ 111 ਪਰਵਾਰਾਂ ਨੂੰ 5.55 ਕਰੋੜ ਰੁਪਏ, ਅੰਮ੍ਰਿਤਸਰ ਦੇ 19 ਪਰਵਾਰਾਂ ਨੂੰ 95 ਲੱਖ ਰੁਪਏ, ਸ਼ਹੀਦ ਭਗਤ ਸਿੰਘ ਨਗਰ ਦੇ ਸੱਤ ਪਰਵਾਰਾਂ ਨੂੰ 35 ਲੱਖ ਰੁਪਏ, ਮੋਹਾਲੀ ਦੇ 10 ਪਰਵਾਰਾਂ ਨੂੰ ਪੰਜਾਹ ਲੱਖ ਰੁਪਏ ਅਤੇ ਬਠਿੰਡੇ ਦੇ 83 ਪਰਵਾਰਾਂ ਨੂੰ 4.15 ਕਰੋੜ ਰੁਪਏ ਦੀ ਵਿੱਤੀ ਮਦਦ ਦਿੱਤੀ ਗਈ ਹੈ। ਇਸੇ ਤਰ੍ਹਾਂ ਸ੍ਰੀ ਮੁਕਤਸਰ ਸਾਹਿਬ ਦੇ 35 ਪਰਵਾਰਾਂ ਨੂੰ 1.3 ਕਰੋੜ ਰੁਪਏ, ਗੁਰਦਾਸਪੁਰ ਦੇ 20 ਪਰਵਾਰਾਂ ਨੂੰ ਇੱਕ ਕਰੋੜ ਰੁਪਏ, ਫਤਿਹਗੜ੍ਹ ਸਾਹਿਬ ਦੇ 24 ਪਰਵਾਰਾਂ ਨੂੰ 1.20 ਕਰੋੜ ਰੁਪਏ, ਜਲੰਧਰ ਦੇ 12 ਪਰਵਾਰਾਂ ਨੂੰ ਸੱਠ ਲੱਖ ਰੁਪਏ, ਫਿਰੋਜ਼ਪੁਰ ਦੇ 15 ਪਰਵਾਰਾਂ ਨੂੰ 5 ਲੱਖ ਰੁਪਏ, ਹੁਸ਼ਿਆਰਪੁਰ ਦੇ 10 ਪਰਵਾਰਾਂ ਨੂੰ ਪੰਜਾਹ ਲੱਖ ਰੁਪਏ, ਕਪੂਰਥਲੇ ਦੇ ਇੱਕ ਪਰਵਾਰ ਨੂੰ ਪੰਜ ਲੱਖ ਰੁਪਏ, ਮਾਲੇਰਕੋਟਲਾ ਦੇ ਚਾਰ ਪਰਵਾਰਾਂ ਨੂੰ 20 ਲੱਖ ਰੁਪਏ, ਫਰੀਦਕੋਟ ਦੇ ਤੀਹ ਪਰਵਾਰਾਂ ਨੂੰ 1.50 ਕਰੋੜ ਰੁਪਏ ਅਤੇ ਰੂਪਨਗਰ ਦੇ 11 ਪਰਵਾਰਾਂ ਨੂੰ 55 ਲੱਖ ਰੁਪਏ ਦੀ ਵਿੱਤੀ ਮੱਦਦ ਦਿੱਤੀ ਗਈ ਹੈ। ਉਨ੍ਹਾ ਕਿਹਾ ਕਿ ਕਿਸਾਨਾਂ ਅਤੇ ਉਨ੍ਹਾਂ ਦੇ ਪਰਵਾਰਾਂ ਦੇ ਹਿੱਤਾਂ ਦੀ ਰਾਖੀ ਕਰਨਾ ਸੂਬਾ ਸਰਕਾਰ ਦਾ ਫਰਜ਼ ਬਣਦਾ ਹੈ।

# ਹਾਈ ਕੋਰਟ ’ਚ ਸਹੀ ਪੈਰਵੀ ਨਾ ਹੋਣ ਕਾਰਨ ਲੋਕਲ ਬਾਡੀਜ਼ ਵਿਭਾਗ ਵੱਲੋਂ ਅਫਸਰਾਂ ਨੂੰ ਤਾੜਨਾ

ਚੰਡੀਗੜ੍ਹ, 7 ਅਗਸਤ (ਪੋਸਟ ਬਿਊਰੋ)- ਪੰਜਾਬ ਦੇ ਲੋਕਲ ਬਾਡੀਜ਼ ਵਿਭਾਗ ਵੱਲੋਂ ਹਾਈ ਕੋਰਟ ਵਿੱਚ ਸਹੀ ਪੈਰਵੀ ਨਾ ਹੋਣ ਬਾਰੇ ਐਡਵੋਕੇਟ ਜਨਰਲ ਨੇ ਵਿਭਾਗ ਦਾ ਧਿਆਨ ਦਿਵਾਇਆ ਹੈ ਤੇ ਇਸ ਪਿੱਛੋਂ ਵਿਭਾਗ ਨੇ ਸ਼ਹਿਰੀ ਵਿਕਾਸ ਦੇ ਸਾਰੇ ਕਮਿਸ਼ਨਰਾਂ, ਅਡੀਸ਼ਨਲ ਕਮਿਸ਼ਨਰਾਂ, ਸਾਰੇ ਕਾਰਜ ਸਾਧਕ ਅਫਸਰਾਂ ਤੋਂ ਇਲਾਵਾ ਨਗਰ ਨਿਗਮਾਂ, ਨਗਰ ਕੌਂਸਲਾਂ, ਨਗਰ ਸੁਧਾਰ ਟਰੱਸਟਾਂ ਅਤੇ ਨਗਰ ਪੰਚਾਇਤਾਂ ਨੂੰ ਪੱਤਰ ਭੇਜ ਕੇ ਤਾੜਨਾ ਕੀਤੀ ਹੈ ਕਿ ਜਿਹੜਾ ਅਫਸਰ ਜਾਂ ਵਕੀਲ ਪੈਰਵੀ ਲਈ ਤਿਆਰ ਨਹੀਂ ਹੋਵੇਗਾ, ਉਸ ਵਿਰੁੱਧ ਵਿਭਾਗੀ ਕਾਰਵਾਈ ਕੀਤੀ ਜਾਵੇਗੀ।



ਅਸਲ ਵਿੱਚ ਡਾਕਟਰ ਅਨਮੋਲ ਰਤਨ ਸਿੰਘ ਸਿੱਧੂ ਨੇ ਐਡਵੋਕੇਟ ਜਨਰਲ (ਏ ਜੀ) ਹੁੰਦਿਆਂ ਪੰਜਾਬ ਸਰਕਾਰ ਦੇ ਧਿਆਨ ਵਿੱਚ ਲਿਆਂਦਾ ਸੀ ਕਿ ਹਾਈ ਕੋਰਟ ਵਿੱਚ ਖਾਸ ਕਰ ਕੇ ਜਸਟਿਸ ਲੀਜਾ ਗਿੱਲ ਦੀ ਬੈਂਚ ਕੋਲਲੋਕਲ ਬਾਡੀਜ਼ ਵਿਭਾਗ ਅਤੇ ਵੱਖ-ਵੱਖ ਸ਼ਹਿਰੀ ਸੰਸਥਾਵਾਂ ਦੇ ਕੇਸਾਂ ਦੀ ਸਹੀ ਪੈਰਵੀ ਨਹੀਂ ਹੋ ਰਹੀ ਅਤੇ ਉਨ੍ਹਾਂ ਦੇ ਵਕੀਲ ਕੇਸਾਂ ਵਿੱਚ ਹਾਜ਼ਰ ਨਹੀਂ ਹੋ ਰਹੇ। ਇਸ ਲਈ ਸਭ ਸ਼ਹਿਰੀ ਸੰਸਥਾਵਾਂ ਵੱਲੋਂ ਕੋਰਟ ਕੇਸਾਂ ਦੀ ਸੁਣਵਾਈ ਵਾਲੇ ਦਿਨ ਅਦਾਲਤ ਵਿੱਚ ਕਿਸੇ ਜ਼ਿੰਮੇਵਾਰ ਅਫਸਰ ਜਾਂ ਮੁਲਾਜ਼ਮ ਦੀ ਅਤੇ ਕੇਸਾਂ ਵਿੱਚ ਪੈਰਵੀ ਕਰਦੇ ਵਕੀਲਾਂ ਦੀ ਯਕੀਨੀ ਕੀਤੀ ਜਾਵੇ।ਇਹ ਵੀ ਸਰਕਾਰ ਨੂੰ ਕਿਹਾ ਗਿਆ ਕਿ ਨੋਟਿਸ ਦੀ ਪਹਿਲੀ ਤਰੀਕ ਤੋਂ ਪਹਿਲਾਂ ਹੀ ਹਾਈ ਕੋਰਟ ਵਿੱਚ ਕੇਸ ਬਾਰੇ ਜਵਾਬ ਦਾਖਲ ਕੀਤੇ ਜਾਣ ਉੱਤੇ ਕੇਸਾਂ ਵਿੱਚ ਦੀ ਸੁਣਵਾਈ ਅੱਗੇ ਪਾਉਣ ਦੀ ਬੇਨਤੀ ਨਾ ਕੀਤੀ ਜਾਵੇ। ਏ ਜੀ ਵੱਲੋਂ ਧਿਆਨ ਦਿਵਾਉਣਦੇ ਬਾਅਦ ਡਾਇਰੈਕਟੋਰੇਟ ਲੋਕਲ ਬਾਡੀਜ਼ ਵਿਭਾਗ ਨੇ ਉਪਰੋਕਤ ਹਿਦਾਇਤਾਂ ਜਾਰੀ ਕੀਤੀਆਂ ਤੇ ਕਿਹਾ ਹੈ ਕਿ ਇਨ੍ਹਾਂ ਦੀ ਪਾਲਣਾ ਨਾ ਕਰਨ ਦੇ ਜ਼ਿੰਮੇਵਾਰ ਅਫਸਰਾਂ, ਮੁਲਾਜ਼ਮਾਂ ਤੇ ਵਕੀਲਾਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ।

# ਹਾਈ ਕੋਰਟ ਨੇ ਚੀਨੀ ਡੋਰ ਉਤੇ ਪਾਬੰਦੀ ਨੂੰ ਸਖਤੀ ਨਾਲ ਲਾਗੂ ਕਰਨ ਨੂੰ ਕਿਹਾ

ਜਲੰਧਰ, 7 ਅਗਸਤ (ਪੋਸਟ ਬਿਊਰੋ)- ਦਿੱਲੀ ਹਾਈ ਕੋਰਟ ਨੇ ਦਿੱਲੀ ਪੁਲਸ ਤੇ ਹੋਰ ਅਧਿਕਾਰੀਆਂ ਨੂੰ ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐਨ ਜੀ ਟੀ) ਦੇ ਫੈਸਲੇ ਪਿੱਛੋਂ ਪਤੰਗ ਉਡਾਉਣ ਵਿੱਚ ਵਰਤੇ ਜਾਂਦੇ ਕਿਸੇ ਵੀ ਕਿਸਮ ਦੇ ਚੀਨੀ, ਸਿੰਥੈਟਿਕ ਧਾਗੇ (ਡੋਰ) ਉੱਤੇ ਪਾਬੰਦੀ ਨੂੰ ਸਖਤੀ ਨਾਲ ਲਾਗੂ ਕਰਨ ਦੇ ਹੁਕਮ ਦਿੱਤੇ ਹਨ।



ਅਦਾਲਤ ਨੇ ਇੱਕ ਜਨਹਿਤ ਪਟੀਸ਼ਨ ਉੱਤੇ ਸੁਣਵਾਈ ਮੌਕੇ ਪਤੰਗਬਾਜ਼ੀ ਉੱਤੇ ਪਾਬੰਦੀ ਦਾ ਕੋਈ ਹੁਕਮ ਦੇਣ ਤੋਂ ਇਨਕਾਰ ਕਰ ਦਿੱਤਾ। ਇਸ ਪਟੀਸ਼ਨ ਵਿੱਚ ਪਤੰਗਬਾਜ਼ੀ ਉੱਤੇ ਮੁਕੰਮਲ ਪਾਬੰਦੀ ਦੀ ਮੰਗ ਕੀਤੀ ਗਈ ਸੀ। ਦਿੱਲੀ ਪੁਲਸ ਵੱਲੋਂ ਪੇਸ਼ ਹੋਏ ਜੀ ਐਨ ਸੀ ਟੀ ਡੀ ਦੇ ਵਕੀਲ ਨੇ ਕਿਹਾ ਕਿ ਸਹਾਇਕ ਪੁਲਸ ਕਮਿਸ਼ਨਰ (ਏ ਸੀ ਪੀ) ਇਸ ਮੁੱਦੇ ਉੱਤੇ ਸਰਗਰਮੀ ਨਾਲ ਕਾਰਵਾਈ ਕਰ ਰਹੇ ਹਨ ਅਤੇ ਸਮੇਂ-ਸਮੇਂਇਸ ਬਾਰੇ ਯਾਦ ਪੱਤਰ ਵੀ ਜਾਰੀ ਕੀਤਾ ਜਾਂਦਾ ਹੈ।ਕੇਂਦਰ ਸਰਕਾਰ ਦੇ ਵਕੀਲ ਨੇ ਪਟੀਸ਼ਨ ਦਾ ਵਿਰੋਧ ਕਰਦਿਆਂ ਕਿਹਾ ਕਿ ਪਤੰਗ ਉਡਾਉਣ ਉੱਤੇ ਪੂਰੀ ਪਾਬੰਦੀ ਲਾਉਣ ਦੀ ਮੰਗ ਕਰਨਾ ਗੈਰ ਵਾਜਬ ਹੈ। ਇਹ ਮਹੱਤਵਪੂਰਨ ਸਭਿਆਚਾਰਕ ਤੇ ਧਾਰਮਿਕ ਗਤੀਵਿਧੀ ਹੈ। ਦਿੱਲੀ ਹਾਈ ਕੋਰਟ ਨੇ ਦਿੱਲੀ ਪੁਲਸ ਨੂੰ ਪੁੱਛਿਆ ਸੀ ਕਿ ਉਸ ਨੇ ਪਤੰਗ ਉਡਾਉਣ ਵਿੱਚ ਵਰਤੀ ਜਾਂਦੀ ਚੀਨੀ ਡੋਰ ਦੀ ਮੌਜੂਦਗੀ ਅਤੇ ਵਿਕਰੀ ਰੋਕਣ ਲਈ ਕੀ ਕਦਮ ਚੁੱਕੇ ਹਨ, ਜਿਸ ਉੱਤੇ ਐਨ ਜੀ ਟੀ ਨੇ ਪਾਬੰਦੀ ਲਾਈਸੀ।ਜਸਟਿਸ ਸਤੀਸ਼ ਚੰਦਰ ਸ਼ਰਮਾ ਤੇ ਜਸਟਿਸ ਸੁਬਰਾਮਨੀਅਮ ਪ੍ਰਸਾਦ ਦੀ ਬੈਂਚ ਇਸਕੇਸ ਉੱਤੇ ਸੁਣਵਾਈ ਕਰ ਰਹੀ ਸੀ, ਜਿਸ ਵਿੱਚ ਕਿਹਾ ਗਿਆ ਸੀ ਕਿ ਪੰਛੀਆਂ ਅਤੇ ਇਨਸਾਨਾਂ ਦੀ ਮੌਤ ਲਗਾਤਾਰ ਪਤੰਗਬਾਜ਼ੀ ਨਾਲ ਹੋ ਰਹੀ ਹੈ, ਜਿਸ ਕਾਰਨ ਦਿੱਲੀ ਵਿੱਚ ਪੰਛੀਆਂ ਤੇ ਲੋਕਾਂ ਦੀ ਜਾਨ ਖਤਰੇ ਵਿੱਚ ਹੈ। ਪਟੀਸ਼ਨਰ ਖੁਦ 2006 ਵਿੱਚ ਇੱਕ ਹਾਦਸੇ ਦਾ ਸ਼ਿਕਾਰ ਹੋਇਆ ਸੀ, ਜਦੋਂ ਇੱਕ ਪਤੰਗ ਦੀ ਡੋਰ ਉਸ ਦੇ ਸਰੀਰ ਵਿੱਚ ਉਲਝ ਗਈ ਸੀ ਅਤੇ ਇਸ ਨੂੰ ਗਲੇ ਤਕ ਪਹੁੰਚਣ ਤੋਂ ਰੋਕਣ ਦੀ ਕੋਸ਼ਿਸ਼ ਵਿੱਚ ਪਟੀਸ਼ਨਰ ਨੇ ਇਸ ਨੂੰ ਆਪਣੀਆਂ ਉਂਗਲਾਂ ਉੱਤੇ ਲੈ ਲਿਆ, ਜਿਸ ਕਾਰਨ ਉਸ ਦੀ ਅੱਧੀ ਉਂਗਲ ਕੱਟੀ ਗਈ ਸੀ।

# ਸੂਫ਼ੀ ਗਾਇਕਾ ਜੋਤੀ ਨੂਰਾਂ ਵੱਲੋਂ ਆਪਣੇ ਪਤੀ ਉਤੇ ਗੰਭੀਰ ਦੋਸ਼

ਜਲੰਧਰ, 7 ਅਗਸਤ (ਪੋਸਟ ਬਿਊਰੋ)- ਉਘੀ ਸੂਫੀ ਗਾਇਕਾ ਜੋਤੀ ਨੂਰਾਂ ਨੇ ਆਪਣੇ ਪਤੀ ਕੁਨਾਲ ਪਾਸੀ ਉੱਤੇ ਗੰਭੀਰ ਦੋਸ਼ ਲਾ ਕੇ ਪੁਲਸ ਕੋਲੋਂ ਉਸ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ।



ਕੱਲ੍ਹ ਜੋਤੀ ਨੂਰਾਂ ਨੇ ਇੱਕ ਪੱਤਰਕਾਰ ਸੰਮੇਲਨ ਕਰ ਕੇ ਪਤੀ ਕੁਨਾਲ ਪਾਸੀ ਵਾਸੀ ਫਿਲੌਰ ਉੱਤੇ ਤੰਗ ਕਰਨ ਅਤੇ ਕੁੱਟਮਾਰ ਦੇ ਦੋਸ਼ ਲਾਉਂਦੇ ਹੋਏ ਉਸ ਕੋਲੋਂ ਆਪਣੀ ਜਾਨ ਨੂੰ ਖਤਰਾ ਦੱਸਿਆ ਹੈ। ਜੋਤੀ ਨੇ ਕਿਹਾ ਕਿ ਇਸ ਸਬੰਧੀ ਉਸ ਨੇ ਜ਼ਿਲ੍ਹਾ ਜਲੰਧਰ ਦਿਹਾਤੀ ਦੀ ਪੁਲਸ ਨੂੰ ਸ਼ਿਕਾਇਤ ਦਿੱਤੀ ਹੈ, ਪਰ ਅਜੇ ਕੋਈ ਕਾਰਵਾਈ ਨਹੀਂ ਹੋਈ।ਵਰਨਣ ਯੋਗ ਹੈ ਕਿ ਜੋਤੀ ਨੂਰਾਂ ਨੇ ਦੋ ਅਗਸਤ 2014 ਨੂੰ ਮਾਪਿਆਂ ਦੀ ਮਰਜ਼ੀ ਦੇ ਖਿਲਾਫ ਕੁਨਾਲ ਪਾਸੀ ਨਾਲ ਵਿਆਹ ਕਰਾਇਆ ਸੀ ਤੇ ਇਸ ਦੀ ਓਦੋਂ ਕਾਫੀ ਚਰਚਾ ਹੋਈ ਸੀ। ਓਦੋਂ ਜੋਤੀ ਨੂਰਾਂ ਨੇ ਪਤੀ ਨਾਲ ਰਹਿਣ ਲਈ ਮਾਪਿਆਂ ਖਿਲਾਫ ਵੀ ਗੰਭੀਰ ਦੋਸ਼ ਲਾਏ ਸਨ, ਪਰ ਬਾਅਦ ਵਿੱਚ ਮਾਪਿਆਂ ਨੇ ਵਿਆਹਦੀ ਰਜ਼ਾਮੰਦੀ ਦੇ ਦਿੱਤੀ ਸੀ।


ਜੋਤੀ ਨੂਰਾਂ ਨੇ ਦੱਸਿਆ ਕਿ ਉਸ ਦਾ ਆਪਣੇ ਪਤੀ ਕੁਨਾਲ ਪਾਸੀ ਨਾਲ ਅਦਾਲਤ ਵਿੱਚ ਤਲਾਕ ਦਾ ਕੇਸ ਚੱਲਦਾ ਹੈ, ਇਸ ਦੇ ਬਾਵਜੂਦ ਕੁਨਾਲ ਉਸ ਨੂੰ ਤੰਗ ਕਰਦਾ ਹੈ। ਜੋਤੀ ਨੇ ਕਿਹਾ ਕਿ ਅੱਜ ਤੋਂ ਬਾਅਦ ਉਸ ਦੇ ਪਤੀ ਕੁਨਾਲ ਪਾਸੀ ਵੱਲੋਂ ਬੁੱਕ ਕੀਤੇ ਗਏ ਕਿਸੇ ਵੀ ਸ਼ੋਅ ਸਬੰਧੀ ਉਸ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ, ਪਰ ਪਹਿਲਾਂ ਬੁੱਕ ਹੋਏ ਸ਼ੋਅ ਜੋ ਉਸ ਦੀ ਜਾਣਕਾਰੀ ਵਿੱਚ ਹਨ, ਉਹ ਉਨ੍ਹਾਂ ਨੂੰ ਭੁਗਤਾਏਗੀ।

# ਹਾਦਸੇ ਵਿੱਚ ਜ਼ਖਮੀ ਪਤਨੀ ਨੇ ਕਲੇਮ ਲਈ ਪਤੀ ਉਤੇ ਕੇਸ ਕੀਤਾ

* ਟ੍ਰਿਬਿਊਨਲ ਨੇ 16.40 ਲੱਖ ਮੁਆਵਜ਼ੇ ਦਾ ਫੈਸਲਾ ਸੁਣਾਇਆ

ਚੰਡੀਗੜ੍ਹ, 7 ਅਗਸਤ (ਪੋਸਟ ਬਿਊਰੋ)- ਮੋਟਰ ਐਕਸੀਡੈਂਟ ਕਲੇਮ ਟ੍ਰਿਬਿਊਨਲ ਨੇ ਸੜਕ ਹਾਦਸੇ ਵਿੱਚ ਜ਼ਖਮੀ ਹੋਈ ਔਰਤ ਨੂੰ 16 ਲੱਖ ਰੁਪਏ ਮੁਆਵਜ਼ਾ ਦੇਣ ਦਾ ਫੈਸਲਾ ਦਿੱਤਾ ਹੈ। ਖਾਸ ਗੱਲ ਕਿ ਮਹਿਲਾ ਨੇ ਮੁਆਵਜ਼ੇ ਲਈ ਆਪਣੇ ਪਤੀ ਉੱਤੇ ਕੇਸ ਕੀਤਾ ਸੀ। ਇਸ ਕੇਸ ਵਿੱਚ ਉਸ ਦੇ ਪਤੀ ਦੇ ਇਲਾਵਾ ਇੰਸ਼ੋਰੈਂਸ ਕੰਪਨੀ ਨੂੰ ਪਾਰਟੀ ਬਣਾਇਆ ਗਿਆ ਸੀ। ਟ੍ਰਿਬਿਊਨਲ ਨੇ ਮਹਿਲਾ ਦੀ ਪਟੀਸ਼ਨ ਨੂੰ ਸਹੀ ਮੰਨਦੇ ਹੋਏ 16.40 ਲੱਖ ਰੁਪਏ ਮੁਆਵਜ਼ਾ ਦੇਣ ਦੇ ਹੁਕਮ ਦਿੱਤੇ ਹਨ। ਪੂਰਾ ਮੁਆਵਜ਼ਾ ਇੰਸ਼ੋਰੈਂਸ ਕੰਪਨੀ ਵੱਲੋਂ ਅਦਾ ਕੀਤਾ ਜਾਏਗਾ।

ਅਡੀਸ਼ਨਲ ਡਿਸਟ੍ਰਿਕਟ ਐਂਡ ਸੈਸ਼ਨ ਜੱਜ ਨਰਿੰਦਰ ਦੀ ਕੋਰਟ ਨੇ ਰਾਏਪੁਰ ਖੁਰਦ ਦੀ ਵਸਨੀਕ ਸੀਮਾ ਦੇਵੀ ਦੀ ਸ਼ਿਕਾਇਤ ਉੱਤੇ ਇਹ ਫੈਸਲਾ ਸੁਣਾਇਆ ਹੈ। ਸੀਮਾ ਵੱਲੋਂ ਉਸ ਦੀ ਸਹੇਲੀ ਆਸ਼ਾ ਰਾਣੀ ਨੇ ਕੇਸ ਫਾਈਲ ਕੀਤਾ ਸੀ, ਜਿਸ ਮੁਤਾਬਕ ਇੱਕ ਜੁਲਾਈ 2016 ਨੂੰ ਦੁਪਹਿਰੇ ਕਰੀਬ ਡੇਢ ਵਜੇ ਸੀਮਾ ਆਪਣੇ ਪਤੀ ਮਨੋਹਰ ਲਾਲ ਦੇ ਨਾਲ ਮੋਟਰ ਸਾਈਕਲ ਉਤੇ ਸਕੇਤੜੀ ਤੋਂ ਘਰ ਆ ਰਹੀ ਸੀ। ਨਾਲ ਛੋਟਾ ਬੱਚਾ ਸੀ। ਇੰਡਸਟਰੀਅਲ ਏਰੀਆ ਫੇਜ਼-1 ਵਿੱਚ ਜਦੋਂ ਉਹ ਐਸ ਡੀ ਐਮ ਈਸਟ ਦਫਤਰ ਕੋਲ ਪਹੁੰਚੇ ਤਾਂ ਤੇਜ਼ ਰਫਤਾਰ ਕਾਰ ਨੇ ਉਨ੍ਹਾਂ ਨੂੰ ਟੱਕਰ ਮਾਰ ਦਿੱਤੀ। ਸੀਮਾ ਨੇ ਦੋਸ਼ ਲਾਇਆ ਕਿ ਕਾਰ ਚਾਲਕ ਲਾਪਰਵਾਹੀ ਨਾਲ ਡਰਾਈਵਿੰਗ ਕਰ ਰਿਹਾ ਸੀਅਤੇ ਉਸ ਦੇ ਪਤੀ ਦੇ ਮੋਟਰ ਸਾਈਕਲ ਦੀ ਸਪੀਡ ਵੀ ਤੇਜ਼ ਸੀ। ਉਨ੍ਹਾਂ ਨੇ ਹਾਦਸੇ ਲਈ ਪਤੀ ਨੂੰ ਵੀ ਜ਼ਿੰਮੇਵਾਰ ਠਹਿਰਾਇਆ। ਟੱਕਰ ਨਾਲ ਸੀਮਾ ਤੇ ਉਸ ਦਾ ਬੇਟਾ ਜ਼ਮੀਨ ਉੱਤੇ ਡਿੱਗ ਗਏ ਅਤੇ ਗੰਭੀਰ ਸੱਟਾਂ ਲੱਗੀਆਂ। ਕਾਰ ਚਾਲਕ ਫਰਾਰ ਹੋ ਗਿਆ ਅਤੇ ਪੁਲਸ ਨੇ ਅਣਪਛਾਤੇ ਚਾਲਕ ਖਿਲਾਫ ਕੇਸ ਦਰਜ ਕੀਤਾ ਸੀ।ਐਡਵੋਕੇਟ ਦੀਪਨ ਸ਼ਰਮਾ ਨੇ ਦੱਸਿਆ ਕਿ ਹਾਦਸੇ ਵਿੱਚ ਸੀਮਾ ਦੇਵੀ ਚਾਲੀ ਤੋਂ ਸੱਤਰ ਫੀਸਦੀ ਡਿਸਏਬਲ ਹੋ ਚੁੱਕੀ ਹੈ। ਉਸ ਨੂੰ ਬਰੇਨ ਇੰਜਰੀ ਹੋਣ ਕਾਰਨ ਉਸ ਦੇ ਇਲਾਜ ਉਤੇ ਕਾਫੀ ਖਰਚ ਹੋ ਰਿਹਾ ਹੈ। ਇਸ ਲਈ ਉਸ ਨੇ ਕੋਰਟ ਤੋਂ ਇੱਕ ਕਰੋੜ ਰੁਪਏ ਮੁਆਵਜ਼ੇ ਦੀ ਮੰਗ ਕੀਤੀ ਸੀ।ਦੋਸ਼ੀ ਪਤੀ ਨੇ ਕੋਰਟ ਵਿੱਚ ਆਪਣੀ ਗਲਤੀ ਮੰਨ ਕੇ ਕਿਹਾ ਕਿ ਐਕਸੀਡੈਂਟ ਤੋਂ ਥੋੜ੍ਹੀ ਦੇਰ ਪਹਿਲਾਂ ਉਸ ਦੀ ਅੱਖ ਲੱਗ ਜਾਣ ਕਾਰਨ ਉਨ੍ਹਾਂ ਦਾ ਕਾਰ ਨਾਲ ਐਕਸੀਡੈਂਟ ਹੋ ਗਿਆ, ਪਰ ਪਤੀ ਨੇ ਕਿਹਾ ਕਿ ਬਾਈਕ ਦੀ ਸਪੀਡ ਪੰਜਾਹ-ਸੱਠ ਕਿਲੋਮੀਟਰ ਪ੍ਰਤੀ ਘੰਟਾ ਸੀ। ਇੰਸ਼ੋਰੈਂਸ ਕੰਪਨੀ ਨੇ ਦਲੀਲ ਦਿੱਤੀ ਕਿ ਅਜਿਹਾ ਕੋਈ ਐਕਸੀਡੈਂਟ ਹੀ ਨਹੀਂ ਹੋਇਆ, ਕੇਵਲ ਮੁਆਵਜ਼ਾ ਲੈਣ ਲਈ ਪਤੀ-ਪਤਨੀ ਨੇ ਮਿਲ ਕੇ ਇਹ ਕੇਸ ਤਿਆਰ ਕੀਤਾ ਹੈ।




# ਧਰਮਸੋਤ ਤੇ ਹੋਰਨਾਂ ਖਿਲਾਫ ਵਿਜੀਲੈਂਸ ਵੱਲੋਂ ਚਲਾਣ ਪੇਸ਼

ਐਸ ਏ ਐਸ ਨਗਰ (ਮੋਹਾਲੀ), 7 ਅਗਸਤ (ਪੋਸਟ ਬਿਊਰੋ)- ਕਾਂਗਰਸ ਸਰਕਾਰ ਸਮੇਂ ਜੰਗਲਾਤ ਵਿਭਾਗ ਵਿੱਚ ਫੈਲੇ ਭ੍ਰਿਸ਼ਟਾਚਾਰ ਦੇ ਕੇਸ ਵਿੱਚ ਵਿਜੀਲੈਂਸ ਬਿਊਰੋ ਨੇ ਕੱਲ੍ਹ ਮੋਹਾਲੀ ਦੀ ਵਿਸ਼ੇਸ਼ ਅਦਾਲਤ ਵਿੱਚ ਸਾਬਕਾ ਜੰਗਲਾਤ ਮੰਤਰੀ ਸਾਧੂ ਸਿੰਘ ਧਰਮਸੋਤ ਅਤੇ ਹੋਰਨਾਂ ਖਿਲਾਫ ਲਗਭਗ 900 ਪੰਨਿਆਂ ਦਾ ਚਲਾਨ ਪੇਸ਼ ਕੀਤਾ, ਜਿਸ ਮਗਰੋਂ ਅਦਾਲਤ ਨੇ ਇਸ ਨੂੰ ਰੈਗੂਲਰ ਸੁਣਵਾਈ ਲਈ ਸੈਸ਼ਨ ਕੋਰਟ ਵਿੱਚ ਭੇਜ ਦਿੱਤਾ ਹੈ।

ਮਿਲੀ ਜਾਣਕਾਰੀ ਅਨੁਸਾਰ ਹਾਲੇ ਇਸ ਕੇਸ ਵਿੱਚ ਵਿਜੀਲੈਂਸ ਨੇ ਧਰਮਸੋਤ ਦੇ ਮੀਡੀਆ ਸਲਾਹਕਾਰ ਕਮਲਪ੍ਰੀਤ ਸਿੰਘ ਖੰਨਾ ਤੇ ਜ਼ਿਲ੍ਹਾ ਜੰਗਲਾਤ ਅਫਸਰ (ਡੀ ਐਫ ਓ) ਗੁਰਅਮਨਪ੍ਰੀਤ ਸਿੰਘ ਬੈਂਸ ਖਿਲਾਫ ਚਲਾਨ ਪੇਸ਼ ਕੀਤਾ ਹੈ, ਜਦ ਕਿ ਇਸ ਕੇਸ ਵਿੱਚ ਧਰਮਸੋਤ ਦੇ ਉਸ ਵਕਤ ਦੇ ਓ ਐਸ ਡੀ ਰਹੇ ਚਮਕੌਰ ਸਿੰਘ ਸਣੇ ਠੇਕੇਦਾਰ ਹਰਮੋਹਿੰਦਰ ਸਿੰਘ, ਸਾਬਕਾ ਜੰਗਲਾਤ ਮੰਤਰੀ ਸੰਗਤ ਸਿੰਘ ਗਿਲਜੀਆਂ ਦੇ ਭਤੀਜੇ ਦਲਜੀਤ ਸਿੰਘ ਗਿਲਜੀਆਂ ਅਤੇ ਵਣ ਮੰਡਲ ਅਫਸਰ ਅਮਿਤ ਚੌਹਾਨ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਇਨ੍ਹਾਂ ਬਾਰੇ ਬਾਅਦ ਵਿੱਚ ਸਪਲੀਮੈਂਟਰੀ ਚਲਾਨ ਪੇਸ਼ ਕੀਤਾ ਜਾਵੇਗਾ।ਸੰਗਤ ਸਿੰਘ ਗਿਲਜੀਆਂ ਅਤੇ ਉਸ ਦਾ ਪੀ ਏ ਕੁਲਵਿੰਦਰ ਸਿੰਘ ਸ਼ੇਰਗਿੱਲ ਹਾਲੇ ਵਿਜੀਲੈਂਸ ਦੀ ਗ੍ਰਿਫਤ ਤੋਂ ਬਾਹਰ ਹਨ। ਕੋਰਟ ਨੇ ਸੰਗਤ ਸਿੰਘ ਗਿਲਜੀਆਂ ਦੀ ਗ੍ਰਿਫਤਾਰੀ ਉੱਤੇ ਆਰਜੀ ਰੋਕ ਲੋਾਈ ਹੈ ਤੇ ਇਸ ਕੇਸ ਦੀ ਅਗਲੀ ਸੁਣਵਾਈ 8 ਅਗਸਤ ਨੂੰ ਹੋਵੇਗੀ। ਵਿਜੀਲੈਂਸ ਰਿਪੋਰਟ ਅਨੁਸਾਰ ਧਰਮਸੋਤ ਤੇ ਗਿਲਜੀਆਂ ਉੱਤੇ ਕਾਂਗਰਸ ਸਰਕਾਰ ਵੇਲੇ ਮੰਤਰੀ ਹੁੰਦਿਆਂ ਜੰਗਲਾਤ ਅਫਸਰਾਂ ਤੋਂ ਪੈਸੇ ਲੈ ਕੇ ਉਨ੍ਹਾਂ ਨੂੰ ਮਨਪਸੰਦ ਸਟੇਸ਼ਨਾਂ ਉੱਤੇ ਤੈਨਾਤ ਕਰਨ ਅਤੇ ਠੇਕੇਦਾਰਾਂ ਨੂੰ ਖੈਰ ਦੇ ਰੁੱਖਾਂ ਦੀ ਕਟਾਈ ਦਾ ਠੇਕਾ ਦੇਣ ਅਤੇ ਟ੍ਰੀ-ਗਾਰਡਾਂ ਦੀ ਖਰੀਦ ਦੇ ਲਈ ਵੱਡਾ ਘਪਲਾ ਕਰਨ ਦਾ ਦੋਸ਼ ਹੈ। ਜੰਗਲਾਤ ਘੋਟਾਲੇ ਵਿੱਚ ਵੱਖ-ਵੱਖ ਮੁਲਜ਼ਮਾਂ ਤੋਂ ਮਿਲੇ ਦਸਤਾਵੇਜ਼ਾਂ ਅਤੇ ਜ਼ੁਬਾਨੀ ਖੁਲਾਸਿਆਂ ਦੇ ਆਧਾਰ ਉੱਤੇ ਵਿਜੀਲੈਂਸ ਬਿਊਰੋ ਨੇ ਦੋਹਾਂ ਸਾਬਕਾ ਮੰਤਰੀਆਂ ਅਤੇ ਹੋਰ ਲੋਕਾਂ ਅਤੇ ਜੰਗਲਾਤ ਅਫਸਰਾਂ ਵਿਰੁੱਧ ਭ੍ਰਿਸ਼ਟਾਚਾਰ ਦਾ ਕੇਸ ਦਰਜ ਕੀਤਾ ਸੀ।



## ਅਗਵਾ ਦੇ 9 ਸਾਲ ਬਾਅਦ ਲੜਕੀ ਆਪਣੇ ਪਰਿਵਾਰ ਨੂੰ ਮਿਲ ਗਈ



ਮੁੰਬਈ, 7 ਅਗਸਤ (ਪੋਸਟ ਬਿਊਰੋ)- ਮੁੰਬਈ ਵਿੱਚ ਅਗਵਾ ਹੋਣ ਦੇ 9 ਸਾਲ ਬਾਅਦ ਇੱਕ ਲੜਕੀ ਆਪਣੇ ਪਰਵਾਰ ਨੂੰ ਮਿਲ ਸਕੀ। ਇਸ ਵੇਲੇ ਉਮਰ 16 ਸਾਲਉਸ ਦੀ ਹੈ। ਪੁਲਸ ਨੇ ਇਸ ਦੀ ਪੁਸ਼ਟੀ ਕਰਦੇ ਹੋਏ ਕਿਹਾ ਕਿ ਉਸ ਨੂੰ ਉਸ ਦੇ ਪਰਵਾਰ ਨਲਾ ਮਿਲਾਉਣ ਵਿੱਚ ਇੱਕ ਘਰੇਲੂ ਸਹਾਇਕਾ ਦੀ ਅਹਿਮ ਭੂਮਿਕਾ ਹੈ।

ਪੂਜਾ ਗੌੜ 22 ਜਨਵਰੀ 2013 ਨੂੰ ਲਾਪਤਾ ਹੋ ਗਈ ਸੀ, ਜਿਸ ਦੇ ਬਾਅਦ ਉਸ ਦੇ ਪਰਵਾਰ ਅਤੇ ਪੁਲਸ ਨੇ ਉਸ ਦੀ ਤਲਾਸ਼ ਸ਼ੁਰੂ ਕੀਤੀ ਸੀ। ਬੀਤੇ ਸ਼ੁੱਕਰਵਾਰ ਨੂੰ ਉਹ ਆਪਣੇ ਪਰਵਾਰ ਨੂੰ ਮਿਲ ਗਈ ਅਤੇ ਉਸ ਨੂੰ ਅਗਵਾ ਕਰਨ ਵਾਲੇ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇੱਕ ਪੁਲਸ ਅਧਿਕਾਰੀ ਨੇ ਕੱਲ੍ਹ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਲੜਕੀ ਨੂੰ ਅਗਵਾ ਕਰਨ ਵਾਲਾ, ਜਿਸ ਨਾਲ ਉਹ ਹਰ ਸਮੇਂ ਰਹੀ ਤੇ ਉਸ ਦਾ ਮੂਲ ਪਰਵਾਰ, ਨੇੜੇ ਹੀ ਰਹਿੰਦਾ ਹੈ। ਬੀਤੇ ਦਿਨੀਂ ਪੂਜਾ ਨੂੰ ਉਪ-ਨਗਰ ਜੁਹੂ ਵਿੱਚ ਕੰਮ ਕਰਨ ਵਾਲੀ 35 ਸਾਲਾ ਘਰੇਲੂ ਸਹਾਇਕਾ ਪ੍ਰਮਿਲਾ ਦੇਵੇਂਦਰ ਮਿਲੀ, ਜੋ ਪਿਛਲੇ ਕੁਝ ਮਹੀਨਿਆਂ ਤੋਂ ਉਸੇ ਵਾਂਗ ਉਸੇ ਇਲਾਕੇ ਵਿੱਚ ਕੰਮ ਕਰਨ ਲੱਗੀ ਸੀ। ਇਸ ਦੌਰਾਨ ਪੂਜਾ ਨੇ ਇੱਕ ਵਾਰ ਪ੍ਰਮਿਲਾ ਨੂੰ ਦੱਸਿਆ ਕਿ ਉਸ ਨੂੰ ਉਸ ਦੇ ਪਰਵਾਰ ਦੇ ਮੈਂਬਰਾਂ ਵੱਲੋਂ ਪ੍ਰੇਸ਼ਾਨ ਕੀਤਾ ਜਾਂਦਾ ਸੀ ਕਿਉਂਕਿ ਉਹ ਉਸ ਦੇ ਅਸਲੀ ਮਾਤਾ-ਪਿਤਾ ਨਹੀਂ ਹਨ। ਉਸ ਨੇ ਇਹ ਵੀ ਦੱਸਿਆ ਕਿ ਉਸ ਨੂੰ ਅਗਵਾ ਕੀਤਾ ਗਿਆ ਸੀ। ਇਸ ਪਿੱਛੋਂ ਪ੍ਰਮਿਲਾ ਨੇ ਪੁਲਸ ਕੋਲਇਹ ਸੂਚਨਾ ਪੁਚਾਈ। ਪੁਲਸ ਨੇ ਅਗਵਾ ਦੇ ਦੋਸ਼ੀ ਹੈਰੀ ਡਿਸੂਜ਼ਾ ਅਤੇ ਉਸ ਦੀ ਪਤਨੀ ਨੂੰ ਗ੍ਰਿਫਤਾਰ ਕਰ ਲਿਆ।

# ਸੋਨਾ ਦਾਨ ਕਰਨ ਦੇ ਮਾਮਲੇ ਵਿਚ ਡਾ: ਸਮਰਾ ਵਿਰੁੱਧ ਪਟਨਾ ਸਾਹਿਬ ਥਾਣੇ ਵਿੱਚ ਸ਼ਿਕਾਇਤ ਦਰਜ

ਪਟਨਾ, 7 ਅਗਸਤ (ਪੋਸਟ ਬਿਊਰੋ)- ਤਖਤ ਸ੍ਰੀ ਹਰਿਮੰਦਰ ਸਾਹਿਬ ਜੀ ਪਟਨਾ ਸਾਹਿਬ ਵੱਲੋਂ ਹਰਤੇਜ ਸਿੰਘ ਨੇ ਪਟਨਾ ਸਿਟੀ ਦੇ ਚੌਕ ਥਾਣਾ ਵਿੱਚ ਡਾ: ਗੁਰਵਿੰਦਰ ਸਿੰਘ ਸਮਰਾ ਵਿਰੁੱਧ ਦਿੱਤੀ ਲਿਖਤੀ ਵਿੱਚ ਲਿਖਿਆ ਹੈ ਕਿ ਡਾ: ਸਮਰਾ, ਜੋ ਕਿ ਪੰਜਾਬ ਦੇ ਜਲੰਧਰ ਜ਼ਿਲ੍ਹੇ ਦੇ ਕਰਤਾਰਪੁਰ ਵਿੱਚ ਰਹਿੰਦਾ ਹੈ, ਅਪਰਾਧਕ ਮਾਨਸਿਕਤਾ ਦਾ ਵਿਅਕਤੀ ਹੈ, ਜਿਸ ਉੱਤੇ ਕਈ ਕੇਸ ਦਰਜ ਹਨ। ਉਹ ਕਈ ਮਾਮਲਿਆਂ ਵਿੱਚ ਸਜ਼ਾ ਵੀ ਕੱਟ ਚੁੱਕਾ ਹੈ।

ਹਰਤੇਜ ਸਿੰਘ ਨੇ ਕਿਹਾ ਕਿ ਸਮਰਾ ਨੇ ਸਿੱਖ ਧਰਮ ਦੇ ਲੋਕਾਂ ਦੀਆਂ ਭਾਵਨਾਵਾਂ ਦੇ ਨਾਲ ਖਿਲਵਾੜ ਕਰਦੇ ਹੋਏ ਤਖਤ ਸ੍ਰੀ ਹਰਿਮੰਦਰ ਸਾਹਿਬ ਜੀ ਪਟਨਾ ਸਾਹਿਬ ਵਿਖੇ ਸੋਨੇ-ਚਾਂਦੀ ਨਾਲ ਬਣੇ ਸਾਮਾਨ ਨੂੰ ਦਾਨ ਕਰਨ ਦਾ ਐਲਾਨ ਕੀਤਾ ਤੇ ਕਿਹਾ ਸੀ ਕਿ ਇਹ ਸਾਮਾਨ ਪੰਜ-ਸੱਤ ਕਰੋੜ ਰੁਪਏ ਦਾ ਹੈ। ਉਸ ਨੇ ਵੱਡੀ ਧੋਖਾਧੜੀ ਨਾਲ ਪੰਜ-ਸੱਤ ਲੱਖ ਰੁਪਏ ਦਾ ਸਾਮਾਨ ਬਣਾ ਕੇ ਤਖਤ ਸ੍ਰੀ ਪਟਨਾ ਸਾਹਿਬ ਵਿੱਚ ਦਾਨ ਕੀਤਾ, ਜਿਸ ਦੀ ਕੋਈ ਰਸੀਦ, ਬਿੱਲ ਜਾਂ ਸਰਟੀਫਿਕੇਟ ਨਹੀਂ ਦਿੱਤਾ। ਪਿੱਛੋਂ ਉਸ ਨੇ ਜਥੇਦਾਰ ਰਣਜੀਤ ਸਿੰਘ ਅਤੇ ਪ੍ਰਬੰਧਕ ਕਮੇਟੀ ਦੇ ਕੁਝ ਮੈਂਬਰਾਂ ਉੱਤੇ ਝੂਠਾ ਦੋਸ਼ ਲਾ ਦਿੱਤਾ ਕਿ ਉਸ ਵੱਲੋਂ ਦਾਨ ਕੀਤੇ ਸੋਨੇ ਵਿੱਚ ਕੁਝ ਸੋਨਾ ਘੱਟ ਹੋ ਗਿਆ ਹੈ।ਜਦ ਪ੍ਰਬੰਧਕ ਕਮੇਟੀ ਨੇ ਜਾਂਚ ਕਰਾਈ ਤਾਂ ਡਾ: ਸਮਰਾ ਦੀ ਸਾਜ਼ਿਸ਼ ਸਾਹਮਣੇ ਆਈ, ਜਿਸ ਨਾਲ ਸਿੱਖ ਸੰਗਤਾਂ ਕਾਫੀ ਦੁਖੀ ਹੋਈਆਂ ਅਤੇ ਤਖਤ ਸਾਹਿਬ ਦੀ ਪ੍ਰਬੰਧਕ ਕਮੇਟੀ ਦਾ ਅਕਸ ਵੀ ਖਰਾਬ ਹੋਇਆ। ਉਨ੍ਹਾਂ ਦੀ ਇਸ ਹਰਕਤ ਨਾਲ ਜਥੇਦਾਰ ਗਿਆਨੀ ਰਣਜੀਤ ਸਿੰਘ ਦੀ ਵੀ



ਬਦਨਾਮੀ ਹੋਈ ਹੈ।ਸ਼ਿਕਾਇਤ ਦੇ ਨਾਲ ਸਬੂਤ ਵਜੋਂ ਦਸਤਾਵੇਜ਼, ਆਡੀਓ-ਵੀਡੀਓ ਕਲਿਪ ਵੀ ਪੁਲਸ ਨੂੰ ਦਿੱਤੇ ਗਏ ਹਨ।

ਇਸ ਬਾਰੇ ਤਖਤ ਸ੍ਰੀ ਹਰਿਮੰਦਰ ਸਾਹਿਬ ਜੀ, ਪਟਨਾ ਸਾਹਿਬ ਦੇ ਪ੍ਰਧਾਨ ਅਵਤਾਰ ਸਿੰਘ ਹਿੱਤ ਦਾ ਕਹਿਣਾ ਹੈ ਕਿ ਵਿਸ਼ਵ ਵਿੱਚ ਸਿੱਖ ਭਾਈਚਾਰੇ ਨੂੰ ਡਾ: ਸਮਰਾ ਨੇ ਸ੍ਰੀ ਪਟਨਾ ਸਾਹਿਬ ਵਿਖੇ ਕਰੋੜਾਂ ਦਾ ਸੋਨਾ ਦਾਨ ਕਰਨ ਦੇ ਬਿਆਨ ਦੇ ਕੇ ਪ੍ਰੇਸ਼ਾਨ ਕਰ ਦਿੱਤਾ ਸੀ। ਮੈਂ ਇਸ ਦੀ ਖੁਦ ਪੜਤਾਲ ਕਰਵਾਈ ਹੈ। ਨਾ ਕਿਸੇ ਨੇ ਸੋਨਾ ਖਾਧਾ ਅਤੇ ਨਾ ਲੁਕਾਇਆ, ਜੋ ਸਹੀ ਸੀ, ਸੱਚ ਸਾਹਮਣੇ ਆਇਆ। ਏਦਾਂ ਦੇ ਵਿਅਕਤੀ ਆਪਣੇ ਕਾਰਨਾਮਿਆਂ ਉੱਤੇ ਪਰਦਾ ਪਾਉਣ ਲਈ ਅਜਿਹੀਆਂ ਸਟੇਟਮੈਂਟਾਂ ਦਿੰਦੇ ਹਨ। ਪੁਲਸ ਨੇ ਸਮਰਾ ਵਿਰੁੱਧ ਕੇਸ ਦਰਜ ਕਰ ਲਈ।

# ਪਾਕਿ ਵਿੱਚ ਦੁਖੀ ਹੋਏ ਹਿੰਦੂ ਤੇ ਸਿੱਖ ਡਾਕਟਰ ਭਾਰਤ ਵਿੱਚ ਪ੍ਰੈਕਟਿਸ ਕਰ ਸਕਣਗੇ

ਨਵੀਂ ਦਿੱਲੀ, 7 ਅਗਸਤ (ਪੋਸਟ ਬਿਊਰੋ)- ਹਿੰਦੂਆਂ ਅਤੇ ਸਿੱਖਾਂ ਸਮੇਤ ਪਾਕਿਸਤਾਨ ਵਿੱਚ ਸਤਾਏ ਗਏ ਘੱਟਗਿਣਤੀ ਫਿਰਕੇ ਦੇ ਡਾਕਟਰਾਂ ਨੂੰ ਭਾਰਤ ਵਿੱਚ ਪ੍ਰੈਕਟਿਸ ਕਰਨ ਦੀ ਇਜਾਜ਼ਤ ਦਿੱਤੀ ਜਾਵੇਗੀ।

ਨੈਸ਼ਨਲ ਮੈਡੀਕਲ ਕਮਿਸ਼ਨ (ਐਨ ਐਮ ਸੀ) ਨੇ ਇਨ੍ਹਾਂ ਡਾਕਟਰਾਂ ਲਈ ਦੇਸ਼ ਵਿੱਚ ਸੇਵਾ ਦੇਣ ਦੇ ਦਰਵਾਜ਼ੇ ਖੋਲ੍ਹ ਦਿੱਤੇ ਹਨ। 31 ਦਸੰਬਰ 2014 ਤਕ ਭਾਰਤ ਆਏ ਪਾਕਿਸਤਾਨੀ ਘੱਟਗਿਣਤੀਆਂ ਨੂੰ ਇਸ ਦਾ ਲਾਭ ਮਿਲੇਗਾ। ਐਨ ਐਮ ਸੀ ਨੇ ਉਨ੍ਹਾਂ ਲੋਕਾਂ ਕੋਲੋਂ ਅਰਜ਼ੀਆਂ ਮੰਗੀਆਂ ਹਨ, ਜਿਨ੍ਹਾਂ ਨੇ ਮੈਡੀਕਲ ਜਾਂ ਐਲੋਪੈਥੀ ਵਿੱਚ ਕੰਮ ਕਰਨ ਦੇ ਲਈ ਸਥਾਈ ਰਜਿਸਟਰੇਸ਼ਨ ਕਰਵਾਉਣ ਲਈ ਭਾਰਤ ਦੀ ਨਾਗਰਿਕਤਾ ਲਈ ਹੈ। ਬਿਨੈਕਾਰ ਕੋਲ ਮੈਡੀਕਲ ਖੇਤਰ ਦੀ ਜਾਇਜ਼ ਯੋਗਤਾ ਹੋਣੀ ਚਾਹੀਦੀ ਹੈ। ਭਾਰਤ ਆਉਣ ਤੋਂ ਪਹਿਲਾਂ ਪਾਕਿ-



ਸਤਾਨ ਵਿੱਚ ਡਾਕਟਰ ਵਜੋਂ ਸੇਵਾ ਦੇ ਚੁੱਕੇ ਲੋਕ ਇਸ ਦੇ ਦਾਇਰੇ ਵਿੱਚ ਆਉਣਗੇ।ਐਨ ਐਮ ਸੀ ਦੇ ਗਰੈਜੂਏਟ ਮੈਡੀਕਲ ਸਿੱਖਿਆ ਬੋਰਡ (ਯੂ ਐਮ ਈ ਬੀ) ਵੱਲੋਂ ਜਾਰੀ ਇੱਕ ਨੋਟਿਸ ਮੁਤਾਬਕ ਚੁਣੇ ਗਏ ਬਿਨੈਕਾਰਾਂ ਨੂੰ ਕਮਿਸ਼ਨ ਜਾਂ ਉਸ ਵੱਲੋਂ ਅਧਿਕਾਰਤ ਏਜੰਸੀ ਵੱਲੋਂ ਕਰਵਾਈ ਜਾਂਦੀ ਪ੍ਰੀਖਿਆ ਵਿੱਚ ਬੈਠਣ ਦੀ ਇਜਾਜ਼ਤ ਹੋਵੇਗੀ। ਐਨ ਐਮ ਸੀ ਨੇ ਜੂਨ ਵਿੱਚ ਮਾਹਰਾਂ ਦਾ ਇੱਕ ਗਰੁੱਪਬਣਾਇਆ ਸੀ, ਤਾਂ ਜੋ ਪਾਕਿਤਸਾਨ ਵਿੱਚ ਸ਼ੋਸ਼ਣ ਦਾ ਸ਼ਿਕਾਰ ਹੋਏ ਘੱਟਗਿਣਤੀ ਮੈਡੀਕਲ ਗਰੈਜੂਏਟਸ ਲਈ ਤਜਵੀਜ਼ਸ਼ੁਦਾ ਪ੍ਰੀਖਿਆ ਬਾਰੇ ਦਿਸ਼ਾ-ਨਿਰਦੇਸ਼ ਤਿਆਰ ਕੀਤੇ ਜਾ ਸਕਣ। ਮੈਡੀਕਲ ਖੇਤਰ ਵਿੱਚ ਪੱਕੀ ਰਜਿਸਟਰੇਸ਼ਨ ਕਰਾਉਣ ਲਈ ਭਾਰਤ ਦੀ ਨਾਗਰਿਕਤਾ ਲੈ ਚੁੱਕੇ ਲੋਕਾਂ ਲਈ ਅਰਜ਼ੀ ਜਮ੍ਹਾ ਕਰਨ ਦੀ ਆਖਰੀ ਤਰੀਕ ਪੰਜ ਸਤੰਬਰ ਹੈ। ਉਨ੍ਹਾਂ ਨੂੰ ਕਿਹਾ ਗਿਆ ਹੈ ਕਿ ਉਹ ਆਨਲਾਈਨ ਫਾਰਮ ਭਰਦੇ ਸਮੇਂ ਦਿਸ਼ਾ-ਨਿਰਦੇਸ਼ਾਂ ਦੀ ਸਖਤੀ ਨਾਲ ਪਾਲਣਾ ਕਰਨ।

# ਸੰਜੇ ਰਾਉਤ ਦੀ ਪਤਨੀ ਤੋਂ ਈ ਡੀ ਵੱਲੋਂ 9 ਘੰਟੇ ਪੁੱਛਗਿੱਛ

ਮੁੰਬਈ, 7 ਅਗਸਤ (ਪੋਸਟ ਬਿਊਰੋ)- ਸ਼ਿਵ ਸੈਨਾ ਨੇਤਾ ਸੰਜੇ ਰਾਉਤ ਦੀ ਪਤਨੀ ਵਰਸ਼ਾ ਰਾਉਤ ਤੋਂ ਈ ਡੀ ਨੇ ਕੱਲ੍ਹ ਲਗਭਗ ਨੌਂ ਘੰਟੇ ਪੁੱਛਗਿੱਛ ਕੀਤੀ। ਇਸ ਬਾਰੇ ਕਿਹਾਗਿਆ ਹੈ ਕਿ ਈ ਡੀ ਨੇ ਦੋਵਾਂ ਨੂੰ ਆਹਮੋ-ਸਾਹਮਣੇ ਬਿਠਾ ਕੇ ਕੁਝ ਗੱਲਾਂ ਬਾਰੇਸਵਾਲ ਪੁੱਛੇ ਸਨ। ਕਰੀਬ 1034 ਕਰੋੜ ਰੁਪਏ ਦੇ ਪਾਤਰਾ ਚਾਲ ਘੋਟਾਲੇ ਵਿੱਚ ਵਰਸ਼ਾ ਰਾਉਤ ਦੇ ਖਾਤੇ ਵਿੱਚ ਇੱਕ ਕਰੋੜ ਤੋਂ ਵੱਧ ਰੁਪਏ ਆਉਣ ਦਾ ਪਤਾ ਲੱਗਾ ਹੈ।

ਇਸ ਦੇ ਬਾਅਦ ਈ ਡੀ ਦਫਤਰ ਤੋਂ ਬਾਹਰ ਨਿਕਲਣ ਪਿੱਛੋਂ ਵਰਸ਼ਾ ਰਾਉਤ ਨੇ ਮੀਡੀਆ ਨੂੰ ਸੰਕੇਤਕ ਰੂਪ ਵਿੱਚ ਸਿਰਫ ਇੰਨਾ ਹੀ ਕਿਹਾ ਕਿ ਜੇ ਕੁਝ ਵੀ ਹੋ ਗਿਆ ਤਾਂ ਸ਼ਿਵ ਸੈਨਾ ਛੱਡੇਗੀ ਨਹੀਂ। ਵਰਨਣ ਯੋਗ ਹੈ ਕਿ 31 ਜੁਲਾਈ ਦੀ ਦੇਰ ਰਾਤ ਈ ਡੀ ਨੇ ਵਰਸ਼ਾ ਤੋਂ ਉਸ ਦੇ ਪਤੀ ਸੰਜੇ ਰਾਉਤ ਦੀ ਗ੍ਰਿਫਤਾਰੀ ਹੋਣ ਦੇ ਅਗਲੇ ਦਿਨ ਪੁੱਛਗਿੱਛ ਲਈ ਈ ਡੀ ਦਫਤਰ ਪਹੁੰਚਣ ਦਾ ਸੰਮਨ ਭੇਜ ਦਿੱਤਾ ਗਿਆ ਸੀ। ਇਸੇ ਤਹਿਤ ਵਰਸ਼ਾ ਕੱਲ੍ਹ ਸਵੇਰੇ 11 ਵਜੇ ਬੇਲਾਰਡ ਅਸਟੇਟ ਵਾਲੇ ਈ ਡੀ ਦਫਤਰ ਪਹੁੰਚੀ ਅਤੇ ਕਰੀਬ ਨੌਂ ਘੰਟੇ ਪੁੱਛਗਿੱਛ ਦੇ ਬਾਅਦ ਉਹ ਦੇਰ ਸ਼ਾਮ ਅੱਠ ਵਜੇ ਉਸ ਦਫਤਰ ਤੋਂ ਬਾਹਰ ਆਈ। ਉਨ੍ਹਾਂ ਤੋਂ ਪੁੱਛਗਿੱਛ ਇਸ ਲਈ ਹੋ ਰਹੀ ਹੈ ਕਿ ਉਨ੍ਹਾਂ ਦੇ ਖਾਤੇ ਵਿੱਚ ਪਾਤਰਾ ਚਾਲ ਘੋਟਾਲੇ ਦੇ ਇੱਕ ਖਾਤੇ ਵਿੱਚੋਂ ਪੈਸੇ ਟਰਾਂਸਫਰ ਹੋਣ ਦੇ ਸਬੂਤ ਈ ਡੀ ਨੂੰ ਮਿਲੇ ਸਨ।ਇਸ ਟਰਾਂਜ਼ੈਕਸ਼ਨ ਦੇ ਪਾਤਰਾ ਚਾਲ ਘੋਟਾਲੇ ਨਾਲ ਜੁੜੇ ਹੋਣ ਦੀ ਗੱਲ ਸਾਹਮਣੇ ਆਉਣ ਉੱਤੇ ਵਰਸ਼ਾ ਨੇ ਕੁਝ ਰਾਸ਼ੀ ਆਪਣੇ ਖਾਤੇ ਵਿੱਚੋਂ ਵਾਪਸ ਵੀ ਕਰ ਦਿੱਤੀ ਸੀ।



# ਪਾਰਥ ਚੈਟਰਜੀ ਆਪਣੀਆਂ ਜੀਵਨ ਬੀਮਾ ਪਾਲਿਸੀਆਂ ਵਿੱਚ ਅਰਪਿਤਾ ਦਾ ਅੰਕਲ ਲਿਖਿਆ ਨਿਕਲਿਆ

ਕੋਲਕਾਤਾ, 7 ਅਗਸਤ (ਪੋਸਟ ਬਿਊਰੋ)- ਪੱਛਮੀ ਬੰਗਾਲ ਦੇ ਟੀਚਰ ਘੋਟਾਲੇ ਵਿੱਚ ਗ੍ਰਿਫਤਾਰ ਸਾਬਕਾ ਸਿੱਖਿਆ ਮੰਤਰੀ ਪਾਰਥ ਚੈਟਰਜੀ ਤੇ ਉਨ੍ਹਾਂ ਦੀ ਕਰੀਬੀ ਅਰਪਿਤਾ ਮੁਖਰਜੀ ਵਿਚਾਲੇ ਭਾਵੇਂ ਪ੍ਰੇਮੀ-ਪ੍ਰੇਮਿਕਾ ਦੇ ਰਿਸ਼ਤੇ ਦੀ ਚਰਚਾ ਸੀ, ਪਰ ਅਰਪਿਤਾ ਦੇ ਨਾਂਅ ਨਾਲ ਖੋਲ੍ਹੀਆਂ ਪਾਲਿਸੀਆਂ ਵਿੱਚ ਪਾਰਥ ਉਸ ਦੇ 'ਅੰਕਲ' ਲਿਖੇ ਹਨ। ਪਤਾ ਲੱਗਾ ਹੈ ਕਿ ਅਰਪਿਤਾ ਦੇ ਨਾਂਅ ਉੱਤੇ 31 ਜੀਵਨ ਬੀਮਾ ਪਾਲਿਸੀਆਂ ਵਿੱਚ ਪਾਰਥ ਨਾਮਿਨੀ ਹਨ। ਇਨ੍ਹਾਂ ਵਿੱਚੋਂ ਕੁਝ ਵਿੱਚ ਪਾਰਥ ਦਾ ਅਰਪਿਤਾ ਦੇ ਅੰਕਲ ਵਜੋਂ ਜ਼ਿਕਰ ਕੀਤਾ ਜਾਣ ਦੀ ਗੱਲ ਜਾਂਚ ਵਿੱਚ ਸਾਹਮਣੇ ਆਈ ਹੈ।

ਵਰਣਨਯੋਗ ਹੈ ਕਿ ਪਾਰਥ ਚੈਟਰਜੀ ਨੇ ਈ ਡੀ ਨੂੰ ਪੁੱਛਗਿੱਛ ਵਿੱਚ ਦੱਸਿਆ ਸੀ ਕਿ ਅਰਪਿਤਾ ਨਾਲ ਉਨ੍ਹਾਂ ਦੀ ਖਾਸ ਜਾਣ-ਪਛਾਣ ਨਹੀਂ ਅਤੇ ਦੋਵਾਂ ਦਾ ਪਰਵਾਰਕ ਰਿਸ਼ਤਾ ਵੀ ਨਹੀਂ। ਇਸ ਹਾਲਤ ਵਿੱਚ ਅਰਪਿਤਾ ਮੁਕਰਜੀ ਦੇ ਨਾਂਅ ਨਾਲ ਖੋਲ੍ਹੀਆਂ ਗਈਆਂ ਜੀਵਨ ਬੀਮਾ ਪਾਲਿਸੀਆਂ ਵਿੱਚਅਰਪਿਤਾ ਦੇ ਅੰਕਲ ਵਜੋਂ ਪਾਰਥ ਦਾ ਜ਼ਿਕਰ ਹੈਰਾਨ ਕਰਦਾ ਹੈ। ਈ ਡੀ ਦਾ ਅਨੁਮਾਨ ਹੈ ਕਿ ਅਸਲ ਵਿੱਚ ਪ੍ਰੇਮ ਪ੍ਰਸੰਗ ਲੁਕਾਉਣ ਲਈ ਏਦਾਂ ਕੀਤਾ ਗਿਆ ਹੈ।ਈ ਡੀ ਨੂੰ ਪਾਰਥਚੈਟਰਜੀ ਅਤੇ ਅਰਪਿਤਾ ਦੇ ਨਿੱਜੀ ਅਤੇ ਸਾਂਝੇ ਕਰੀਬ ਪੰਜਾਹ ਬੈਂਕ ਖਾਤਿਆਂ ਦਾ ਪਤਾ ਲੱਗਾ ਹੈ, ਜਿਸ ਬਾਰੇ ਈ ਡੀ ਨੇ ਸਬੰਧਤ ਬੈਂਕਾਂ ਦੇ ਅਧਿਕਾਰੀਆਂ ਤੋਂ ਪੂਰਾ ਵੇਰਵਾ ਮੰਗਿਆ ਹੈ। ਇਸ ਦੌਰਾਨ ਈ ਡੀ ਨੂੰ ਇੱਕ ਹੋਰ ਮੁਖੌਟਾ ਕੰਪਨੀ ਪਤਾ ਲੱਗੀ ਹੈ, ਜਿਸ ਦੇ 23 ਮਾਰਚ 2012 ਨੂੰ ਸ਼ੁਰੂ ਹੋਣ ਪਿੱਛੋਂ ਕਈ ਵਾਰ ਡਾਇਰੈਕਟਰਾਂ ਦੇ ਨਾਂਅ ਬਦਲੇ ਗਏ ਸਨ।ਅਨੰਤ ਟੈਕਸਫੈਬ ਪ੍ਰਾਈਵੇਟ ਲਿਮਟਿਡ ਨਾਂਅ ਦੀ ਉਸ ਕੰਪਨੀ ਦਾ ਪਤਾ ਜਿੱਥੋਂ ਦਾ ਹੈ, ਅਰਪਿਤਾ ਮੁਖਰਜੀ ਦੇ ਫਲੈਟ ਦਾ ਵੀ ਪਤਾ ਉਹੋ ਹੈ, ਜਿੱਥੋਂ ਈ ਡੀ ਨੇ ਭਾਰੀ ਮਾਤਰਾ ਵਿੱਚ ਨਗਦੀ ਅਤੇ ਸੋਨਾ ਬਰਾਮਦ ਕੀਤਾ ਸੀ। ਈ ਡੀ ਮੁਤਾਬਕ ਜਦੋਂ ਇਹ ਕੰਪਨੀ ਬਣੀ ਸੀ, ਇਸ ਦੇ ਤਿੰਨ ਡਾਇਰੈਕਟਰਾਂ ਵਿੱਚ ਪਾਰਥਾ ਦੀ ਮਰਹੂਮ ਪਤਨੀ ਬਬਲੀ ਚੈਟਰਜੀ, ਬੇਟੀ ਸੋਹਿਨੀ (ਭੱਟਾਚਾਰੀਆ) ਚੈਟਰਜੀ ਅਤੇ ਜਵਾਈ ਕਲਿਆਣਮਯ ਭੱਟਾਚਾਰੀਆ ਸ਼ਾਮਲ ਸਨ। 2016 ਵਿੱਚ ਪਾਰਥ ਦੀ ਪਤਨੀ ਅਤੇ ਬੇਟੀ ਦਾ ਨਾਂਅ ਡਾਇਰੈਕਟਰਾਂ ਦੀ ਸੂਚੀ ਤੋਂ ਕੱਟ ਕੇ ਅਰਪਿਤਾ ਦਾ ਨਾਂਅ ਸ਼ਾਮਲ ਕੀਤਾ ਗਿਆ। ਕਾਰਪੋਰੇਟ ਮਾਮਲਿਆਂ ਦੇ ਮੰਤਰਾਲੇ ਦੇ ਦੋ ਡਾਇਰੈਕਟਰ ਮ੍ਰਿਣਮਯ ਮਾਲਾਕਾਰ ਅਤੇ ਰਣੇਸ਼ ਕੁਮਾਰ ਸਿੰਘ ਹਨ। ਇਨ੍ਹਾਂ ਦੋਵਾਂ ਦੀ ਪਛਾਣ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਈ ਡੀ ਨੇ ਇਸ ਸੰਬੰਧ ਵਿੱਚ ਪਾਰਥ ਦੀ ਬੇਟੀ ਸੋਹਿਨੀ ਅਤੇ ਜਵਾਈ ਕਲਿਆਣਮਯ ਭੱਟਾਚਾਰੀਆ ਨੂੰ ਵੀ ਪੁੱਛਗਿੱਛ ਲਈ ਤਲਬ ਕੀਤਾ ਹੈ, ਪਰ ਦੋਵੇਂ ਹਾਲੇ ਅਮਰੀਕਾ ਵਿੱਚ ਹਨ।



ਅਰਪਿਤਾ ਮੁਕਰਜੀ ਇਸ ਸਮੇਂ ਅਲੀਪੁਰ ਮਹਿਲਾ ਜੇਲ੍ਹ ਵਿੱਚ ਹੈ। ਓਥੇ ਉਸ ਦੀ ਜਾਨ ਨੂੰ ਖਤਰਾ ਦੱਸ ਕੇ ਉਸ ਦੇ ਵਕੀਲ ਨੇ ਖਾਸ ਸਹੂਲਤਾਂ ਦੀ ਮੰਗ ਕੀਤੀ ਸੀ। ਅਦਾਲਤ ਨੇ ਜੇਲ੍ਹ ਪ੍ਰਬੰਧਕਾਂ ਨੂੰ ਅਰਪਿਤਾ ਦੇ ਸੁਰੱਖਿਆ ਪ੍ਰਬੰਧਾਂ ਬਾਰੇ 18 ਅਗਸਤ ਤਕ ਰਿਪੋਰਟ ਦੇਣ ਨੂੰ ਕਿਹਾ ਹੈ। ਜਾਣਕਾਰ ਸੂਤਰਾਂ ਮੁਤਾਬਕ ਪਾਰਥ ਨੂੰ ਪ੍ਰੈਜ਼ੀਡੈਂਟ ਜੇਲ੍ਹ ਦੇ ਪੋਇਲਾ ਬਾਈਸ ਵਾਰਡ ਦੇ ਦੋ ਨੰਬਰ ਸੈਲ ਵਿੱਚ ਰੱਖਿਆ ਗਿਆ ਹੈ, ਜਿਸ ਦੇ ਨੇੜਲੇ ਸੈਲ ਵਿੱਚ ਅੱਤਵਾਦੀ ਆਫਤਾਬ ਅੰਸਾਰੀ ਹੈ ਜਿਸ ਨੇ ਕੋਲਕਾਤਾ ਦੇ ਅਮਰੀਕਨ ਸੈਂਟਰ ਉੱਤੇ ਹਮਲਾ ਕੀਤਾ ਸੀ। ਪਾਰਥ ਚੈਟਰਜੀ ਦੇ ਸੈਲ ਵਿੱਚ ਕੁਰਸੀ ਜਾਂ ਮੰਜਾ ਨਹੀਂ ਹੈ। ਸ਼ੁੱਕਰਵਾਰ ਰਾਤ ਉਨ੍ਹਾਂ ਨੂੰ ਮਿਨਰਲ ਵਾਟਰ ਦੀ ਇੱਕ ਬੋਤਲ ਮਿਲੀ ਅਤੇ ਸ਼ਨੀਵਾਰ ਸਵੇਰ ਦਾ ਨਾਸ਼ਤਾ ਬਾਕੀ ਕੈਦੀਆਂ ਵਾਂਗ ਚਾਹ ਅਤੇ ਬਟਰ ਟੋਸਟ ਦਿੱਤਾ ਗਿਆ। ਉਨ੍ਹਾਂ ਦੇ ਪਰਵਾਰ ਦਾ ਕੋਈ ਵਿਅਕਤੀ ਆ ਕੇ ਖਾਣਾ ਅਤੇ ਕੱਪੜੇ ਉਨ੍ਹਾਂ ਨੂੰ ਦੇਣਾ ਚਾਹੇ ਤਾਂ ਇਸ ਦੀ ਇਜਾਜ਼ਤ ਹੈ, ਪਰ ਇਸ ਤੋਂ ਇਲਾਵਾ ਉਸ ਨੂੰ ਕੋਈ ਹੋਰ ਸਹੂਲਤ ਨਹੀਂ ਮਿਲੇਗੀ।

# ਦਿੱਲੀ ਦੀ ਸ਼ਰਾਬ ਨੀਤੀ ਕਾਰਨ 11 ਅਫਸਰ ਸਸਪੈਂਡ

ਨਵੀਂ ਦਿੱਲੀ, 7 ਅਗਸਤ (ਪੋਸਟ ਬਿਊਰੋ)- ਲੈਫਟੀਨੈਂਟ ਗਵਰਨਰ ਵੀ ਕੇ ਸਕਸੈਨਾ ਨੇ ਐਕਸਾਈਜ਼ ਨੀਤੀ 2021-22 ਲਾਗੂ ਕਰਨ ਵਿੱਚ ਵਰਤੀਆਂ ਗਈਆਂ ਅਣਗਹਿਲੀਆਂ ਲਈ ਦਿੱਲੀ ਦੇ ਓਦੋਂ ਦੇਐਕਸਾਈਜ਼ ਕਮਿਸ਼ਨਰ ਆਰਵ ਗੋਪੀ ਕ੍ਰਿਸ਼ਨਾ ਅਤੇ ਉਪ ਕਮਿਸ਼ਨਰ ਆਨੰਦ ਕੁਮਾਰ ਤਿਵਾੜੀ ਸਣੇ 11 ਜਣਿਆਂ ਨੂੰ ਸਸਪੈਂਡ ਕਰ ਦਿੱਤਾਹੈ।

ਏ ਜੀ ਐਮ (ਆਸਾਮ, ਗੋਆ, ਮਨੀਪੁਰ) ਯੂ ਟੀ-ਕੇਡਰ ਦੇ 2012 ਬੈਚ ਦੇ ਆਈ ਏ ਐਸ ਅਧਿਕਾਰੀ ਕ੍ਰਿਸ਼ਨਾ ਅੱਜਕੱਲ੍ਹ ਕੇਂਦਰ ਸ਼ਾਸਤ ਪ੍ਰਦੇਸ਼ ਦਾਦਰਾ ਨਗਰ ਹਵੇਲੀ ਅਤੇ ਦਮਨ ਤੇ ਦੀਊ ਵਿੱਚ ਤੈਨਾਤ ਹਨ। ਇਸ ਸਾਲ 12 ਜੁਲਾਈ ਨੂੰ ਦਿੱਲੀ ਦੇ ਐਕਸਾਈਜ਼ ਕਮਿਸ਼ਨਰ ਦਾ ਤਬਾਦਲਾ ਕਰ ਦਿੱਤਾ ਗਿਆ ਸੀ। ਲੈਫਟੀਨੈਂਟ ਗਵਰਨਰ ਦਫਤਰ ਦੇ ਸੂਤਰਾਂ ਮੁਤਾਬਕ ਤਿੰਨ ਐਡਹਾਕ ਡੈਨਿਕਸ ਅਫਸਰਾਂ ਨੂੰ ਵੀ ਸਸਪੈਂਡ ਕੀਤਾ ਗਿਆ ਹੈ। ਐਕਸਾਈਜ਼ ਨੀਤੀ ਲਾਗੂ ਕਰਨ ਵਿੱਚ ਸਬੰਧਤ ਅਧਿਕਾਰੀਆਂ ਦੀਆਂ ਅਣਗਹਿਲੀਆਂ ਅਤੇ ਟੈਂਡਰ ਨੂੰ ਅੰਤਿਮ ਰੂਪ ਦੇਣ ਵਿੱਚ ਬੇਨਿਯਮੀਆਂ ਅਤੇ ਟੈਂਡਰ ਮਗਰੋਂ ਕੁਝ ਖਾਸ ਵੈਂਡਰਾਂ ਦੀ ਚੋਣ ਲਈ ਲਾਭ ਪਹੁੰਚਾਉਣ ਦੇ ਕਾਰਨਲੈਫਟੀਨੈਂਟ ਗਵਰਨਰ ਨੇ ਇਹ ਫੈਸਲਾ ਲਿਆ ਹੈ। ਸੂਤਰਾਂ ਅਨੁਸਾਰ ਜਿਨ੍ਹਾਂ 11 ਅਧਿਕਾਰੀਆਂ ਖਿਲਾਫ ਕਾਰਵਾਈ ਦੇ ਹੁਕਮ ਦਿੱਤੇ ਗਏ ਹਨ, ਉਨ੍ਹਾਂ ਵਿੱਚ ਓਦੋਂ ਵਾਲੇ ਸਹਾਇਕ ਐਕਸਾਈਜ਼ ਕਮਿਸ਼ਨਰ ਪੰਕਜ ਭਟਨਾਗਰ, ਨਰਿੰਦਰ ਸਿੰਘ ਅਤੇ ਨੀਰਜ ਗੁਪਤਾ ਸ਼ਾਮਲ ਹਨ।

ਇਹ ਕਾਰਵਾਈ ਡਾਇਰੈਕਟੋਰੇਟ ਆਫ ਵਿਜੀਲੈਂਸ (ਡੀ ਓ ਵੀ) ਦੀ ਰਿਪੋਰਟ ਉੱਤੇ ਕੀਤੀ ਗਈ ਹੈ। ਸੂਤਰਾਂ ਨੇ ਦਾਅਵਾ ਕੀਤਾ ਕਿ ਰਿਪੋਰਟ ਵਿੱਚ ਬੇਨਿਯਮੀਆਂ ਦੇ ਸਬੂਤ ਹਨ, ਜੋ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆਂ ਦੀ ਅਗਵਾਈ ਵਾਲੇ ਵਿੱਤ ਅਤੇ ਐਕਸਾਈਜ਼ ਵਿਭਾਗਾਂ ਵੱਲੋਂ ਡੀ ਓ ਵੀ ਨੂੰ ਮਿਲੇ ਸਨ। ਵਰਨਣ ਯੋਗ ਹੈ ਕਿ ਐਕਸਾਈਜ਼ਨੀਤੀ 2021-22 ਲਾਗੂ ਕਰਨ ਵਿੱਚ ਨਿਯਮਾਂ ਦੇ ਉਲੰਘਣੇ ਕਰਨ ਲਈ ਲੈਫਟੀਨੈਂਟ ਗਵਰਨਰ ਵੱਲੋਂ ਸੀ ਬੀ ਆਈ ਜਾਂਚ ਦੀ ਸਿਫਾਰਸ਼ ਪਹਿਲਾਂ ਹੀ ਕੀਤੀ ਗਈ ਹੈ।ਦਿੱਲੀ ਦੇ ਉਪ ਮੁੱਖ ਮੰਤਰੀ ਮੁਨੀਸ਼ ਸਿਸੋਦੀਆ ਨੇ ਸਾਬਕਾ ਲੈਫਟੀਨੈਂਟ ਗਵਰਨਰ ਅਨਿਲ ਬੈਜਲ ਉੱਤੇ ਅਣ-ਅਧਿਕਾਰਤ ਇਲਾਕਿਆਂ ਵਿੱਚ ਸ਼ਰਾਬ ਦੀਆਂ ਦੁਕਾਨਾਂ ਖੋਲ੍ਹਣ ਬਾਰੇ ਸਟੈਂਡ ਬਦਲਣ ਦਾ ਦੋਸ਼ ਲਾ ਕੇ ਦਾਅਵਾ ਕੀਤਾ ਕਿ ਇਸ ਕਾਰਨ ਸਰਕਾਰ ਨੂੰ ਹਜ਼ਾਰਾਂ ਕਰੋੜ ਰੁਪਏ ਨੁਕਸਾਨ ਹੋਇਆ। ਇੱਥੇ ਪ੍ਰੈਸ ਕਾਨਫਰੰਸ ਮੌਕੇ ਮੁਨੀਸ਼ ਸਿਸੋਦੀਆ ਨੇ ਕਿਹਾ ਕਿ ਉਨ੍ਹਾਂ ਇਸ ਦੀ ਜਾਣਕਾਰੀ ਸੀ ਬੀ ਆਈ ਨੂੰ ਭੇਜ ਦਿੱਤੀ ਹੈ। ਸਿਸੋਦੀਆ ਨੇ ਕਿਹਾ, ਨਵੀਂ ਐਕਸਾਈਜ਼ ਨੀਤੀ ਤਹਿਤ ਦਿੱਲੀ ਵਿੱਚ 8.49 ਦੁਕਾਨਾਂ ਖੋਲ੍ਹੀਆਂ ਜਾਣੀਆਂ ਸਨ, ਜਿਨ੍ਹਾਂ ਵਿੱਚ ਅਣ-ਅਧਿਕਾਰਤ ਇਲਾਕੇ ਵਿੱਚ ਖੁੱਲ੍ਹਣ ਵਾਲੀਆਂ ਦੁਕਾਨਾਂ ਵੀ ਸ਼ਾਮਲ ਸਨ। ਲੈਫਟੀਨੈਂਟ ਗਵਰਨਰ ਨੇ ਤਜਵੀਜ਼ ਦਾ ਵਿਰੋਧ ਨਹੀਂ ਕੀਤਾ ਤੇ ਇਸ ਨੂੰ ਮਨਜ਼ੂਰੀ ਦੇ ਦਿੱਤੀ। ਉਨ੍ਹਾਂ ਦੋਸ਼ ਲਾਇਆ ਕਿ ਪਿਛਲੇ ਸਾਲ 15 ਨਵੰਬਰ ਨੂੰ ਲਾਗੂ ਹੋਣ ਤੋਂ ਦੋ ਦਿਨ ਪਹਿਲਾਂ ਲੈਫਟੀਨੈਂਟ ਗਵਰਨਰ ਨੇ ਸਟੈਂਡ ਬਦਲ ਲਿਆ ਅਤੇ ਸ਼ਰਤ ਲਾ ਦਿੱਤੀ ਕਿ ਅਣਅਧਿਕਾਰਤ ਇਲਾਕਿਆਂ ਵਿੱਚ ਸ਼ਰਾਬ ਦੀਆਂ ਦੁਕਾਨਾਂ ਖੋਲ੍ਹਣ ਲਈ ਦਿੱਲੀ ਵਿਕਾਸ ਅਥਾਰਟੀ ਤੇ ਮਿਊਂਸੀਪਲ ਕਾਰਪੋਰੇਸ਼ਨ ਦਿੱਲੀ ਤੋਂ ਮਨਜ਼ੂਰੀ ਲੈਣੀ ਪਵੇਗੀ।



## ਡਾਕਟਰਾਂ ਨੇ ਇੱਕ ਮਰੀਜ਼ ਦੇ ਗੋਡੇ ਤੋਂ ਵੱਡੀਆਂ ਪੱਥਰੀਆਂ ਕੱਢੀਆਂ

ਮੁੰਬਈ, 7 ਅਗਸਤ (ਪੋਸਟ ਬਿਊਰੋ)- ਮੁੰਬਈ ਦੇ ਇੱਕ ਹਸਪਤਾਲ ਦੇ ਡਾਕਟਰਾਂ ਨੂੰ ਇੱਕ ਸੱਤਰ ਸਾਲਾ ਵਿਅਕਤੀ ਦੇ ਸੱਜੇ ਗੋਡੇ ਵਿੱਚੋਂ ਵੱਡੇ ਸਾਈਜ਼ ਦੀਆਂ ਪੱਥਰੀਆਂ ਨੂੰ ਕੱਢਣ ਵਿੱਚ ਸਫਲਤਾਮਿਲੀ ਹੈ।

ਇਹ ਭਾਰਤ ਵਿੱਚ ਹੋਈਆਂ ਅਨੋਖੀਆਂ ਤੇ ਬਹੁਤ ਦੁਰਲੱਭ ਸਰਜਰੀਆਂ ਵਿੱਚੋਂ ਮੰਨੀ ਗਈ ਹੈ, ਜਿਸ ਨੇ ਗੋਡਿਆਂ ਦੀ ਦੁਰਲੱਭ ਬਿਮਾਰੀ ਤੋਂ ਪੀੜਤ ਵਿਅਕਤੀ ਨੂੰ ਤੁਰਨ ਯੋਗ ਬਣਾਇਆ ਹੈ। ਮਰੀਜ਼ ਲਕਸ਼ਮੀਕਾਂਤ ਮਧੇਕਰ ਅਮਰਾਵਤੀ ਦਾ ਵਸਨੀਕ ਮਜ਼ਦੂਰ ਹੈ, ਜਿਸ ਦੇ ਗੋਡੇ ਵਿੱਚ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਸੋਜ਼ ਸੀ ਅਤੇ ਉਹ ਪਿਛਲੇ ਇੱਕ ਸਾਲ ਤੋਂ ਆਪਣੇ ਸੱਜੇ ਗੋਡੇ ਵਿੱਚ ਤੇਜ਼ ਦਰਦ ਤੋਂ ਪੀੜਤ ਸੀ।ਐਸ ਐਲ ਰਹੇਜਾ ਹਸਪਤਾਲ, ਮਹਿਮ ਦੇ ਕੰਸਲਟੈਂਟ ਆਰਥੋਪੈਡਿਕ ਅਤੇ ਜਾਇੰਟ ਰਿਪਲੇਸਮੈਂਟ ਸਰਜਨ ਡਾ: ਸਿਧਾਰਥ ਐਮ ਸ਼ਾਹ ਨੇ ਕਿਹਾ, "ਇਸ ਨਾਲ ਮਰੀਜ਼ ਦੀ ਸਮੁੱਚੀ ਗਤੀਸ਼ੀਲਤਾ, ਤੁਰਨ ਫਿਰਨ ਵਿੱਚ ਮੁਸ਼ਕਲ, ਪੌੜੀਆਂ ਚੜ੍ਹਨ ਜਾਂ ਇੱਥੋਂ ਤਕ ਕਿ ਬੈਠਣ ਤੋਂ ਬਾਅਦ ਉਠਣਾ ਵੀ ਪ੍ਰਭਾਵਤ ਹੋ ਰਿਹਾ ਸੀ।" ਮਰੀਜ਼ ਦੇ ਹਸਪਤਾਲ ਦਾਖਲ ਹੋਣ ਪਿੱਛੋਂ ਡਾਕਟਰ ਸ਼ਾਹ ਨੇ ਉਸ ਦੇ ਟੈਸਟ ਕੀਤੇ, ਗੋਡਿਆਂ ਦੇ ਜੋੜਾਂ ਦੀ 'ਮਲਟੀਪਲ ਜਾਇੰਟ ਸਿਨੋਵਿਅਲ ਕੋਂਡਰੋਮੈਟੋਸਿਸ' ਨਾਂਅ ਦੀ ਬਹੁਤ ਦੁਰਲੱਭ ਸਥਿਤੀ ਵਜੋਂ ਸਮੱਸਿਆ ਨੋਟ ਕੀਤੀ ਤੇ ਮਧੇਕਰ ਲਈ ਇੱਕ ਢੁੱਕਵੀਂ ਇਲਾਜ ਯੋਜਨਾ ਬਣਾਈ। ਉਨ੍ਹਾਂ ਨੇ ਦੱਸਿਆ ਕਿ ਇਹ ਸਥਿਤੀ 1,00,000 ਲੋਕਾਂ ਵਿੱਚੋਂ ਇੱਕ ਨੂੰ ਪ੍ਰਭਾਵਤ ਕਰਦੀ ਹੈ।

# ਫਰਜ਼ੀ ਡਾਕੂਮੈਂਟਸ ਨਾਲ ਬੈਂਕ ਨੂੰ ਲੱਖਾਂ ਦਾ ਚੂਨਾ ਲਾਉਣ ਵਾਲਾ ਕਾਬੂ

ਨਵੀਂ ਦਿੱਲੀ, 7 ਅਗਸਤ (ਪੋਸਟ ਬਿਊਰੋ)- ਫਰਜ਼ੀ ਡਾਕੂਮੈਂਟਸ ਬਣਾ ਕੇ ਪ੍ਰਾਈਵੇਟ ਬੈਂਕ ਤੋਂ ਕਰੈਡਿਟ ਕਾਰਡ ਤੇ ਕਾਰ ਲੋਨ ਲੈ ਕੇ ਲੱਖਾਂ ਰੁਪਏ ਦਾ ਚੂਨਾ ਲਾਉਣ ਵਾਲੇ ਇੱਕ ਜਾਅਲਸਾਜ਼ ਨੂੰ ਕਰਾਈਮ ਬ੍ਰਾਂਚ ਨੇ ਫੜਿਆ ਹੈ। ਗੌਤਮਪੁਰੀ ਦੇ ਵਾਸੀ ਇਸ ਠੱਗ ਅਨੀਸ ਸੈਫੀ ਦੇ ਕਬਜ਼ੇ ਵਿੱਚੋਂ 75 ਡੈਬਿਟ, ਕਰੈਡਿਟ ਕਾਰਡ, ਅੱਸੀ ਬੈਂਕ ਪਾਸਬੁੱਕਾਂ, ਵੱਖ-ਵੱਖ ਬੈਂਕਾਂ ਦੀਆਂ 8 ਚੈਕ ਬੁੱਕਾਂ, 15 ਆਧਾਰ ਕਾਰਡਾਂ ਸਮੇਤ ਕਈ ਦਸਤਾਵੇਜ਼ ਮਿਲੇ ਹਨ।

ਡੀ ਸੀ ਪੀ ਰੋਹਿਤ ਮੀਣਾ ਮੁਤਾਬਕ ਐਸ ਡੀ ਐਫ ਸੀ ਬੈਂਕ ਦੇ ਇੱਕ ਪ੍ਰਤੀਨਿਧ ਨੇ ਸ਼ਿਕਾਇਤ ਦਿੱਤੀ ਸੀ ਕਿ 32 ਕਸਟਮਰਾਂ ਨੇ ਐਚ ਡੀ ਐਫ ਸੀ ਬੈਂਕ ਵਿੱਚ ਬਚਤ ਖਾਤੇ ਖੋਲ੍ਹੇ ਹਨ ਅਤੇ ਇਹ ਸਾਰੇ ਅਕਾਊਂਟ ਦਰਿਆਗੰਜ ਅਤੇ ਪੂਰਬੀ ਦਿੱਲੀ ਵਿਚਲੇ ਐਚ ਡੀ ਐਫ ਸੀ ਬੈਂਕ ਦੀਆਂ ਬਰਾਂਚਾਂ ਵਿੱਚ ਸਾਲ 2018-2020 ਦੌਰਾਨ ਖੋਲ੍ਹੇ ਗਏ ਹਨ। 32 ਵਿੱਚੋਂ 23 ਅਕਾਊਂਟ ਦਰਿਆਗੰਜ ਬਰਾਂਚ ਵਿੱਚ ਖੋਲ੍ਹੇ ਗਏ, ਜਿਨ੍ਹਾਂ ਤੋਂ ਪਤਾ ਲੱਗਾ ਕਿ ਉਕਤ ਅਕਾਊਂਟਸ ਵਿੱਚ 15 ਅਜਿਹੇ ਅਕਾਊਂਟ ਹਨ, ਜਿਨ੍ਹਾਂ ਦੇ ਨਾਂਅ ਵੱਖ-ਵੱਖ ਹਨ, ਪਰ ਫੋਟੋ ਇੱਕ ਵਿਅਕਤੀ ਦੀ ਹੈ। ਇਨ੍ਹਾਂ ਸਭ ਨੇ ਕਾਰ ਲੋਨ, ਕਰੈਡਿਟ ਕਾਰਡ ਆਦਿ ਦੀ ਸਹੂਲਤ ਲਈ ਤੇ ਉਸ ਦਾ ਭੁਗਤਾਨ ਨਹੀਂ ਕੀਤਾ। ਜਾਂਚ ਵਿੱਚ ਪਤਾ ਲੱਗਾ ਹੈ ਕਿ 84 ਲੱਖ ਰੁਪਏ ਦਾ ਫਰਾਡ ਕੀਤਾ ਗਿਆ ਹੈ। ਇਸ ਦੀ ਜਾਂਚ ਲਈ ਟੀਮ ਬਣਾਈ ਗਈ ਤਾਂ ਇਸ ਟੀਮ ਨੇ ਟੈਕਨੀਕਲ ਸਰਵਿਲਾਂਸ ਜ਼ਰੀਏ ਜਾਅਲਸਾਜ਼ ਅਨੀਸ ਸੈਫੀ ਨੂੰ ਪੂਰਬੀ ਦਿੱਲੀ ਇਲਾਕੇ ਤੋਂ ਜਾ ਫੜਿਆ। ਪੁੱਛਗਿੱਛ ਵਿੱਚ ਪਤਾ ਲੱਗਾ ਕਿ ਉਹ ਨੌਵੀਂ ਤਕ ਪੜ੍ਹਿਆ ਹੈ। ਉਸ ਨੇ ਆਪਣੇ ਫਰਜ਼ੀ ਦਸਤਾਵੇਜ਼ ਬਣਾ ਕੇ ਕਈ ਬੈਂਕ ਖਾਤੇ ਖੁੱਲ੍ਹਵਾਉਣ ਪਿੱਛੋਂ ਕ੍ਰੈਡਿਟ ਕਾਰਡ ਲਈ। ਕੁਝ ਬੈਂਕ ਖਾਤਿਆਂ ਤੋਂ ਉਸ ਨੇ 22 ਲੱਖ ਰੁਪਏ ਦਾ ਕਾਰ ਲੋਨ ਵੀ ਲਿਆ। ਪੁਲਸ ਟੀਮ ਨੇ ਜਾਅਲਸਾਜ਼ ਦੇ ਕਬਜ਼ੇ ਵਿੱਚੋਂ ਉਸ ਦੀ ਕਾਰ ਐਮ ਜੀ ਹੈਕਟਰ ਵੀ ਬਰਾਮਦ ਕਰ ਲਈ ਹੈ।




# ਸੁਪਰੀਮ ਕੋਰਟ ਦੀ ਜੱਜਾਂ ਨੂੰ ਨਸੀਹਤ: ਸਬੂਤ ਵੇਖ ਕੇ ਫੈਸਲੇ ਕਰੋ

ਨਵੀਂ ਦਿੱਲੀ, 7 ਅਗਸਤ (ਪੋਸਟ ਬਿਊਰੋ)-ਕਤਲ ਦੇ ਇੱਕ ਕੇਸ ਵਿੱਚ ਮ੍ਰਿਤਕ ਦੀ ਮੌਤ ਤੋਂ ਪਹਿਲਾਂ ਮਦਦ ਕਰਨ ਵਾਲੇ ਨੂੰ ਵੀ ਪੁਲਸ ਨੇ ਕਤਲ ਦਾ ਸਹਿ-ਦੋਸ਼ੀ ਬਣਾ ਕੇ ਕੋਰਟ ਵਿੱਚ ਚਾਰਜਸ਼ੀਟ ਦਾਇਰ ਕਰ ਦਿੱਤੀ। ਹੇਠਲੀ ਅਦਾਲਤ ਨੇ ਦੋਸ਼ ਤੈਅ ਕਰ ਦਿੱਤੇ। ਇਸ ਕੇਸ ਵਿੱਚ ਸੁਪਰੀਮ ਕੋਰਟ ਦੇਜਸਟਿਸ ਅਜੈ ਰਸਤੋਗੀ ਅਤੇ ਸੀ ਟੀ ਰਵੀ ਕੁਮਾਰ ਦੀ ਬੈਂਚ ਨੇ ਹੇਠਲੀ ਅਦਾਲਤ ਦਾ ਫੈਸਲਾ ਪਲਟ ਕੇ ਉਸ ਨੂੰ ਦੋਸ਼ ਮੁਕਤ ਕਰ ਦਿੱਤਾ ਅਤੇਕਿਹਾ ਕਿ ਜਿਸ ਨੂੰ ਸਹਿ-ਦੋਸ਼ੀ ਬਣਾਇਆ ਗਿਆ, ਉਹ ਤਾਂ ਮਦਦ ਕਰਨ ਗਿਆ ਹੋਣ ਕਾਰਨ ਕੇਸ ਵਿੱਚ ਫਸਾ ਦਿੱਤਾ ਗਿਆ ਸੀ।

ਸੁਪਰੀਮ ਕੋਰਟ ਦੇ ਬੈਂਚ ਨੇ ਪਹਿਲੇ ਇੱਕ ਫੈਸਲੇ ਦੀ ਮਿਸਾਲ ਦੇ ਕੇ ਕਿਹਾ ਕਿ ਟਰਾਇਲ ਕੋਰਟ ਕੋਈ ਪੋਸਟ ਆਫਿਸ ਨਹੀਂ, ਜੋ ਸਰਕਾਰੀ ਵਕੀਲ ਦੇ ਕਹਿਣ ਉੱਤੇ ਦੋਸ਼ ਤੈਅ ਕਰ ਦੇਣ। ਉਨ੍ਹਾਂ ਕਿਹਾ ਕਿ ਜੱਜਾਂ ਨੂੰ ਆਪਣੇ ਕੋਲ ਪੇਸ਼ ਸਬੂਤਾਂ ਦੀ ਜਾਂਚ ਕਰ ਕੇ ਆਪਣੀ ਸੂਝ ਨਾਲ ਫੈਸਲਾ ਲੈਣਾ ਚਾਹੀਦਾ ਹੈ। ਅਪ੍ਰੈਲ 2009 ਦੇ ਕੇਸ ਵਿੱਚ ਸੁਪਰੀਮ ਕੋਰਟ ਨੇ ਕਿਹਾ ਕਿ ਇਸ ਵਿੱਚ ਵਿਕਰਮਜੀਤ ਕਕਾਤੀ ਨੂੰ ਉਸ ਦੇ ਲੈਫਟੀਨੈਂਟ ਕੁਰੈਸ਼ੀ ਸਹਿਦੁਲ ਇਸਲਾਮ ਦੇ ਕਤਲ ਦੇ ਸਬੂਤ ਮਿਟਾਉਣ ਤੇ ਅਪਰਾਧਕ ਸਾਜ਼ਿਸ਼ ਬਾਰੇ ਪੁਲਸ ਨੇ ਦੋਸ਼ੀ ਬਣਾਇਆ ਹੈ, ਜਦ ਕਿ ਕਕਾਤੀ ਦੇ ਖਿਲਾਫ ਚਾਰਜਸ਼ੀਟ ਵਿੱਚ ਨਾ ਕੋਈ ਸਬੂਤ ਪੇਸ਼ ਕੀਤਾ ਅਤੇ ਨਾ ਕੋਈ ਗਵਾਹ।ਜਿਵੇਂ ਤੂੜੀ ਦੇ ਢੇਰ ਵਿੱਚੋਂ ਕਣਕ ਨੂੰ ਵੱਖ ਕੀਤਾ ਜਾਂਦਾ ਹੈ, ਓਦਾਂ ਹੀ ਸਬੂਤਾਂ ਦੇ ਢੇਰ ਵਿੱਚੋਂ ਸੱਚ ਨੂੰ ਬਾਹਰ ਲਿਆਉਣਾ ਕੋਰਟ ਦੀ ਡਿਊਟੀ ਹੈ। ਜੱਜ ਹਮੇਸ਼ਾ ਵਿਵੇਕਸ਼ੀਲ ਹੋਣਾ ਚਾਹੀਦਾ ਹੈ। ਟਰਾਇਲ ਕੋਰਟ ਦੇ ਜੱਜ ਜਿੰਨਾ ਮਹੱਤਵ ਸਰਕਾਰੀ ਗਵਾਹਾਂ ਨੂੰ ਦਿੰਦੇ ਹਨ, ਓਨਾ ਹੀ ਮਹੱਤਵ ਬਚਾਅ ਪੱਖ ਦੇ ਗਵਾਹਾਂ ਨੂੰ ਵੀ ਦੇਣਾ ਚਾਹੀਦਾ ਹੈ। ਇਹ ਗੱਲਾਂ ਸੁਪਰੀਮ ਕੋਰਟ ਦੇ ਚੀਫ ਜਸਟਿਸ ਐਨ ਵੀ ਰਾਮੰਨਾ ਦੀ ਅਗਵਾਈ ਵਾਲੇ ਬੈਂਚ ਨੇ ਮੱਧ ਪ੍ਰਦੇਸ਼ ਦੇ ਸਿੱਧੀ ਵਿੱਚ ਵਿਦਿਆਰਥੀ ਸੰਗਠਨ ਦੇ ਇੱਕ ਨੌਜਵਾਨ ਦੀ ਹੱਤਿਆ ਦੇ ਕੇਸ ਵਿੱਚ ਕਹੀਆਂ ਹਨ।






# ਜੱਜ ਦੇ ਕਾਤਲਾਂ ਨੂੰ ਮੌਤ ਤਕ ਕੈਦ ਦੀ ਸਜ਼ਾ

ਧਨਬਾਦ, 7 ਅਗਸਤ (ਪੋਸਟ ਬਿਊਰੋ)- ਝਾਰਖੰਡ ਦੇ ਧਨਬਾਦ ਦੀ ਵਿਸ਼ੇਸ਼ ਅਦਾਲਤ ਨੇ ਅਡੀਸ਼ਨਲ ਜ਼ਿਲ੍ਹਾ ਤੇ ਸੈਸ਼ਨ ਜੱਜ ਉਤਮ ਆਨੰਦ ਦੀ ਹੱਤਿਆ ਦੇ ਦੋ ਦੋਸ਼ੀਆਂ ਨੂੰ ਮੌਤ ਤਕ ਉਮਰ ਕੈਦ ਅਤੇ ਤੀਹ-ਤੀਹ ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਅਤੇ ਇਸ ਨੂੰ ਕਾਫੀ ਗੰਭੀਰ ਮਾਮਲਾ ਮੰਨਿਆ ਹੈ।

ਕੇਂਦਰੀ ਜਾਂਚ ਬਿਊਰੋ (ਸੀ ਬੀ ਆਈ) ਦੀ ਵਿਸ਼ੇਸ਼ ਅਦਾਲਤ ਦੇ ਜੱਜ ਰਜਨੀਕਾਂਤ ਪਾਠਕ ਨੇ ਉਤਮ ਆਨੰਦ ਦੀ ਹੱਤਿਆ ਦੇ ਦੋਸ਼ੀ ਆਟੋ ਚਾਲਕ ਲਖਨ ਵਰਮਾ ਨੂੰ ਮੌਤ ਤਕ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਅਦਾਲਤ ਨੇ 28 ਜੁਲਾਈ ਨੂੰ ਦੋਵਾਂ ਨੂੰ ਦੋਸ਼ੀ ਕਰਾਰ ਦਿੱਤਾ ਸੀ।ਵਿਸ਼ੇਸ ਜੱਜ ਨੇ ਦੋ ਵੱਖ-ਵੱਖ ਅਪਰਾਧਾਂ ਲਈ ਦੋਵਾਂ ਦੋਸ਼ੀਆਂ ਨੂੰ ਵੱਖ-ਵੱਖ ਇਸ ਕਤਲ ਦੇ ਦੋਸ਼ੀ ਠਹਿਰਾਉਂਦਿਆਂ ਮੌਤ ਤਕ ਉਮਰ ਕੈਦ ਦੀ ਸਜ਼ਾ ਸੁਣਾਈ ਅਤੇ ਵੀਹ-ਵੀਹ ਹਜ਼ਾਰ ਰੁਪਏ ਜੁਰਮਾਨਾ ਵੀ ਲਾਇਆ। ਸੀ ਬੀ ਆਈ ਅਦਾਲਤ ਨੇ ਅਪਰਾਧੀ ਨੂੰ ਬਚਾਉਣ ਲਈ ਸਬੂਤਾਂ ਨੂੰ ਨਸ਼ਟ ਕਰਨਾ ਹੇਠ ਅਪਰਾਧ ਲਈ ਸੱਤ-ਸੱਤ ਸਾਲ ਕੈਦ ਅਤੇ 10000 ਰੁਪਏ ਜੁਰਮਾਨਾ ਵੀ ਲਗਾਇਆ ਹੈ। ਦੋਵੇਂ ਸਜ਼ਾਵਾਂ ਨਾਲ-ਨਾਲ ਚੱਲਣਗੀਆਂ।

ਸੀ ਬੀ ਆਈ ਦੇ ਵਿਸ਼ੇਸ਼ ਸਰਕਾਰੀ ਵਕੀਲ ਅਮਿਤ ਜਿੰਦਲ ਨੇ ਦੋਵਾਂ ਦੋਸ਼ੀਆਂ ਨੂੰ ਮੌਤ ਦੀ ਸਜ਼ਾ ਦੀ ਮੰਗ ਕਰਦੇ ਹੋਏ ਕਿਹਾ ਕਿ ਜੱਜ ਦੀ ਬੇਰਹਿਮੀ ਨਾਲ ਹੱਤਿਆ ਨੂੰ ਦੁਰਲੱਭ ਕੇਸਾਂ ਦੀ ਸਭ ਤੋਂ ਦੁਰਲੱਭ ਘਟਨਾ ਮੰਨਣਾ ਚਾਹੀਦਾ ਹੈ, ਜਦ ਕਿ ਬਚਾਅ ਪੱਖ ਦੇ ਵਕੀਲ ਨੇ ਕਿਹਾ ਕਿ ਦੋਵਾਂ ਨੂੰ ਘੱਟੋ-ਘੱਟ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ, ਕਿਉਂਕਿ ਇਹ ਕਤਲ ਦਾ ਮਾਮਲਾ ਨਹੀਂ, ਸਿਰਫ ਇੱਕ ਹਾਦਸਾ ਸੀ ਅਤੇ ਦੋਵੇਂ ਉਸ ਸਮੇਂ ਨਸ਼ੇ ਦੀ ਹਾਲਤ ਵਿੱਚ ਸਨ।

# ਕਰੋੜਾਂ ਰੁਪਏ ਠੱਗ ਕੇ ਭੱਜਿਆ ਟਰੈਵਲ ਏਜੰਟ ਕਾਬੂ

ਜਲੰਧਰ, 7 ਅਗਸਤ (ਪੋਸਟ ਬਿਊਰੋ)- ਕੱਲ੍ਹ ਟਾਂਡਾ ਰੋਡ ਉੱਤੇ ਇੱਕ ਧਾਰਮਿਕ ਸਥਾਨ ਵਿੱਚ ਕਈ ਦਿਨਾਂ ਤੋਂ ਪਹਿਰਾ ਲਾ ਕੇ ਬੈਠੇ ਲੋਕਾਂ ਨੇ ਇੱਕ ਟਰੈਵਲ ਏਜੰਟ ਨੂੰ ਕਾਬੂ ਕਰ ਲਿਆ, ਜੋ ਲੋਕਾਂ ਦੇ ਕਰੋੜਾਂ ਰੁਪਏ ਠੱਗ ਕੇ ਲੁਕਿਆ ਹੋਇਆ ਸੀ। ਲੋਕਾਂ ਨੇ ਪਹਿਲਾਂ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਅਤੇ ਫਿਰ ਉਸ ਨੂੰ ਪੁਲਸ ਦੇ ਹਵਾਲੇ ਕਰ ਦਿੱਤਾ।




ਮਿਲੀ ਜਾਣਕਾਰੀ ਅਨੁਸਾਰ ਕੱਲ੍ਹ ਸ਼ਾਮ ਟਾਂਡਾ ਰੋਡ ਉੱਤੇ ਇੱਕ ਧਾਰਮਿਕ ਸਥਾਨ ਦੇ ਬਾਹਰ ਲੋਕ ਇੱਕ ਵਿਅਕਤੀ ਨੂੰ ਕੁੱਟ ਰਹੇ ਸਨ, ਜਦ ਮੌਕੇ ਤੋਂ ਲੰਘਦੇ ਲੋਕਾਂ ਨੇ ਇਸ ਬਾਰੇ ਪੁੱਛਿਆ ਤਾਂ ਉਨ੍ਹਾਂ ਦੱਸਿਆ ਕਿ ਇਹ ਠੱਗ ਟਰੈਵਲ ਏਜੰਟ ਪਰਵਿੰਦਰ ਪਾਲ ਵਾਸੀ ਮਹਿਤਪੁਰ ਹੈ, ਜੋ ਉਨ੍ਹਾਂ ਲੋਕਾਂ ਕੋਲੋਂ ਕਰੋੜਾਂ ਰੁਪਏ ਠੱਗ ਕੇ ਕਾਫੀ ਦਿਨਾਂ ਤੋਂ ਉਨ੍ਹਾਂ ਨੂੰ ਨਹੀਂ ਲੱਭ ਰਿਹਾ ਸੀ। ਉਨ੍ਹਾਂ ਨੂੰ ਪਤਾ ਲੱਗਾ ਕਿ ਪਰਵਿੰਦਰ ਪਾਲ ਅਕਸਰ ਧਾਰਮਿਕ ਸਥਾਨ ਉੱਤੇ ਆਉਂਦਾ ਹੈ, ਜਿਸ ਕਾਰਨ ਉਹ ਕਈ ਦਿਨਾਂ ਤੋਂ ਪਹਿਰਾ ਲਾ ਕੇ ਵਾਰੀ ਵਾਰੀ ਉਸ ਨੂੰ ਉਡੀਕ ਰਹੇ ਸਨ ਕਿ ਅੱਜ ਉਹ ਉਨ੍ਹਾਂ ਦੇ ਹੱਥੇ ਚੜ੍ਹ ਗਿਆ ਤੇ ਲੋਕਾਂ ਨੂੰ ਪੁਲਸ ਨੂੰ ਬੁਲਾ ਲਿਆ। ਘਟਨਾ ਦੀ ਸੂਚਨਾ ਮਿਲਦੇ ਸਾਰ ਚੌਕ ਵਿੱਚ ਡਿਊਟੀਵਾਲੇ ਪੁਲਸ ਮੁਲਾਜ਼ਮਾਂ ਨੇ ਓਥੇ ਪਹੁੰਚ ਕੇ ਪਰਵਿੰਦਰ ਪਾਲ ਨੂੰ ਲੋਕਾਂ ਤੋਂ ਛੁਡਾਇਆ। ਲੋਕਾਂ ਦਾ ਠੱਗ ਟਰੈਵਲ ਏਜੰਟ ਦੇ ਖਿਲਾਫ ਇੰਨਾ ਗੁੱਸਾ ਸੀ ਕਿ ਪੁਲਸ ਦੀ ਮੌਜੂਦਗੀ ਵਿੱਚ ਵੀ ਕਈ ਨੌਜਵਾਨ ਉਸ ਨੂੰ ਚਪੇੜਾਂ ਮਾਰ ਰਹੇ ਸਨ। ਪੀੜਤ ਲੋਕਾਂ ਵਿੱਚ ਇੱਕ ਔਰਤ ਦੱਸ ਰਹੀ ਸੀ ਕਿ ਉਸ ਨੇ ਇਸ ਟਰੈਵਲ ਏਜੰਟ ਨੂੰ ਦਸ ਲੱਖ ਰੁਪਏ ਆਪਣੇ ਬੱਚਿਆਂ ਨੂੰ ਕੈਨੇਡਾ ਭੇਜਣ ਲਈ ਦਿੱਤੇ ਸਨ, ਪਰ ਪੈਸੇ ਲੈਣ ਤੋਂ ਬਾਅਦ ਇਹ ਉਨ੍ਹਾਂ ਨੂੰ ਦਿਖਾਈ ਨਹੀਂ ਦਿੱਤਾ। ਪੀੜਤ ਲੋਕਾਂ ਵਿੱਚ ਜਲੰਧਰ ਵਾਸੀ ਸੋਮਨਾਥ ਨੇ ਦੱਸਿਆ ਕਿ ਪਰਵਿੰਦਰ ਪਾਲ ਨੇ ਉਨ੍ਹਾਂ ਨੂੰ ਪੁਰਤਗਾਲ ਭੇਜਣ ਲਈ ਛੇ ਲੱਖ ਰੁਪਏ ਲੈ ਕੇ ਜਾਅਲੀ ਵੀਜ਼ਾ ਦੇ ਦਿੱਤਾ, ਜਿਸ ਦਾ ਉਨ੍ਹਾਂ ਨੂੰ ਪਤਾ ਲੱਗ ਗਿਆ, ਨਹੀਂ ਤਾਂ ਜਾਅਲੀ ਵੀਜ਼ੇ ਨਾਲ ਉਹ ਹਵਾਈ ਅੱਡੇ ਉਤੇ ਫੜੇ ਜਾਂਦੇ ਅਤੇ ਜੇਲ੍ਹ ਦੀ ਹਵਾ ਖਾ ਰਹੇ ਹੁੰਦੇ।

# 1500 ਰੁਪਏ ਬਦਲੇ ਵਿਅਕਤੀ ਦਾ ਕਤਲ

ਝਬਾਲ, 7 ਅਗਸਤ (ਪੋਸਟ ਬਿਊਰੋ)- ਪਿੰਡ ਝਬਾਲ ਵਿਖੇ 1500 ਰੁਪਏ ਦੇ ਲੈਣ-ਦੇਣ ਬਦਲੇ ਗੁਆਂਢੀਆਂ ਨੇ ਤੇਜ਼ਧਾਰ ਹਥਿਆਰਾਂ ਨਾਲ ਇੱਕ ਵਿਅਕਤੀ ਦਾ ਕਤਲ ਕਰ ਦਿੱਤਾ। ਮ੍ਰਿਤਕ ਤਰਸੇਮ ਸਿੰਘ ਦੀ ਪਤਨੀ ਗੁਰਮੀਤ ਕੌਰ ਨੇ ਥਾਣਾ ਝਬਾਲ ਵਿਖੇ ਦਰਜ ਕਰਵਾਏ ਬਿਆਨਾਂ ਵਿੱਚ ਦੱਸਿਆ ਕਿ ਉਸ ਦਾ ਭਤੀਜਾ ਨਿਸ਼ਾਨ ਸਿੰਘ ਮੰਡੀ ਦੇ ਪ੍ਰਧਾਨ ਸਾਜਨ ਸਿੰਘ ਨਾਲ ਪੱਲੇਦਾਰੀ ਦਾ ਕੰਮ ਕਰਦਾ ਸੀ। ਨਿਸ਼ਾਨ ਸਿੰਘ ਨੇ ਸਾਜਨ ਸਿੰਘ ਤੋਂ ਦੋ ਹਜ਼ਾਰ ਰੁਪਏ ਹੁਦਾਰ ਲਏ ਸਨ, ਜਿਸ ਵਿੱਚੋਂ 500 ਰੁਪਏ ਉਸ ਨੇ ਕੁਝ ਦਿਨਾਂ ਬਾਅਦ ਵਾਪਸ ਕਰ ਦਿੱਤੇ। ਬਾਕੀ ਰਹਿੰਦੇ 1500 ਮੋੜਨ ਦਾ ਉਸ ਨੇ ਸਮਾਂ ਲਿਆ ਸੀ। ਜਿਸ ਮਗਰੋਂ ਮੁਲਜ਼ਮਾਂ ਨੇ ਕੱਲ੍ਹ ਰਾਤ ਨੂੰ ਵਾਰਦਾਤ ਨੂੰ ਅੰਜਾਮ ਦਿੱਤਾ।

# ਤਾਈਵਾਨ ਦੇ ਮਿਜ਼ਾਈਲ ਵਿਗਿਆਨੀ ਦੀ ਸ਼ੱਕੀ ਹਾਲਤ ਵਿੱਚ ਮੌਤ

ਨਵੀਂ ਦਿੱਲੀ, 7 ਅਗਸਤ (ਪੋਸਟ ਬਿਊਰੋ)- ਚੀਨ ਅਤੇ ਤਾਈਵਾਨ ਵਿਚਾਲੇ ਚੱਲਦੇ ਵਿਵਾਦ ਦੌਰਾਨਤਾਈਵਾਨ ਦੇ ਇੱਕ ਮਿਜ਼ਾਈਲ ਵਿਗਿਆਨੀ ਦੀ ਸ਼ੱਕੀ ਹਾਲਤ ਵਿੱਚ ਮੌਤ ਹੋ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ ਤਾਈਵਾਨ ਡਿਫੈਂਸ ਐਂਡ ਰਿਸਰਚ ਵਿੰਗ ਦੀ ਆਰ ਐਂਡ ਡੀ ਯੂਨਿਟ ਦੇ ਉਪ ਮੁਖੀ ਓ ਯਾਂਗ ਲੀ-ਹਸਿੰਗ ਕੱਲ੍ਹ ਇੱਕ ਹੋਟਲ ਦੇ ਕਮਰੇ ਵਿੱਚ ਮ੍ਰਿਤਕ ਪਏ ਗਏ। ਤਾਈਵਾਨ ਦੀ ਜਾਂਚ ਏਜੰਸੀ ਨੇ ਓ ਯਾਂਗ-ਲੀ ਹਸਿੰਗ ਦੀ ਮੌਤ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।ਇਸ ਦੌਰਾਨ ਖਬਰ ਏਜੰਸੀ ਨੇ ਦੱਸਿਆ ਕਿ ਓ ਯਾਂਗ ਹਸਿੰਗ ਇਸ ਸਮੇਂ ਪਿੰਗਤੁੰਗ ਦੀ ਦੱਖਣੀ ਕਾਊਂਟੀ ਦੇ ਕਾਰੋਬਾਰੀ ਦੌਰੇ ਉੱਤੇ ਸਨ। ਇਸ ਦੌਰਾਨ ਉਹ ਹੋਟਲ ਵਿੱਚ ਠਹਿਰੇ ਸਨ। ਓ ਯਾਂਗ ਲੀ ਹਸਿੰਗ ਨੇ ਤਾਈਵਾਨ ਦੇ ਮਿਜ਼ਾਈਲ ਪ੍ਰੋਗਰਾਮ ਦੀ ਨਿਗਰਾਨੀ ਕਰਨ ਲਈ 2022 ਦੇ ਸ਼ੁਰੂ ਵਿੱਚ ਨੈਸ਼ਨਲ ਚੁੰਗ-ਸ਼ਾਨ ਇੰਸਟੀਚਿਊਟ ਆਫ ਸਾਇੰਸ ਐਂਡ ਟੈਕਨਾਲੋਜੀ ਦੇ ਉਪ ਮੁਖੀ ਵਜੋਂ ਅਹੁਦਾ ਸੰਭਾਲਿਆ ਸੀ।

ਵਰਨਣ ਯੋਗ ਹੈ ਕਿ ਚੀਨ ਦੇ ਸੰਭਾਵੀ ਖਤਰੇ ਕਾਰਨਤਾਈਵਾਨ ਦੀ ਫੌਜ ਦੀ ਮਾਲਕੀ ਵਾਲੀ ਸੰਸਥਾ ਸਾਲ 2022 ਤਕ ਆਪਣੀ ਸਾਲਾਨਾ ਮਿਜ਼ਾਈਲ ਉਤਪਾਦਨ ਸਮਰੱਥਾ ਨੂੰ ਦੁੱਗਣੀ ਤੋਂ ਵਧਾ ਕੇ 500 ਕਰਨ ਲਈ ਕੰਮ ਕਰ ਰਹੀ ਹੈ। ਤਾਈਵਾਨ ਇੱਕ ਟਾਪੂ ਦੇਸ਼ ਹੈ ਤੇ ਚੀਨ ਦੇ ਵਧਦੇ ਫੌਜੀ ਖਤਰੇ ਦੇ ਮੱਦੇਨਜ਼ਰ ਆਪਣੀ ਲੜਾਈ ਸ਼ਕਤੀ ਨੂੰ ਵਧਾਉਣ ਲਈ ਕੰਮ ਕਰ ਰਿਹਾ ਹੈ। ਚੀਨ ਤਾਈਵਾਨ ਨੂੰ ਆਪਣਾ ਹਿੱਸਾ ਹੋਣ ਦਾ ਦਾਅਵਾ ਕਰਦਾ ਹੈ।

ਕੈਨੇਡੀਅਨ ਪੰਜਾਬੀ ਪੋਸਟ

Award winning news paper | Canadian Punjabi Post

# CLASSIFIEDS

Starting at just $10

ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202




# Matrimonial

ਰਿਸ਼ਤੇ ਹੀ ਰਿਸ਼ਤੇ

Starting at just $10

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769

## ਲੜਕੀ ਦੀ ਲੋੜ

"ਨਾਈ ਸਿੱਖ ਲੜਕਾ ਉਮਰ 23 ਸਾਲ , ਕੱਦ 5'10" ਵਰਕ ਪਰਮਿਟ 'ਤੇ ਲੜਕੇ ਲਈ ਪੀ.ਆਰ./ ਸਿਟੀਜਨ ਲੜਕੀ ਦੀ ਲੋੜ ਹੈ।ਲੜਕੇ ਦੀ ਭੈਣ ਕੈਨੇਡਾ ਵਿੱਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: +1(647) 274-3207 : +91 97794 39200"

ਸਿੱਖ ਰਾਜਪੂਤ (ਜੰਜੂਆ), ਜਨਮ ਦਸੰਬਰ, 1991, ਕੱਦ 5'11", ਕੈਨੇਡੀਅਨ ਸਿਟੀਜਨ, ਵੈੱਲ ਸੈਟਲਡ ਲੜਕੇ ਲਈ ਕੈਨੇਡੀਅਨ ਪੀਆਰ/ਸਿਟੀਜਨ, ਉਮਰ 25-27 ਸਾਲ, ਖਾਨਦਾਨੀ ਘਰਾਣੇ ਨਾਲ ਸੰਬੰਧਤ ਸੁੰਦਰ ਅਤੇ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 647-239-4866 ਅਤੇ 647-773-5902

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9" ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11" ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com







ਫੌਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)




ਸਾਰੀਆਂ ਸੱਮਸਿਆਵਾਂ ਦੇ ਇਲਾਜ ਲਈ
AWARD WINNER
RAJNI SHARMA

- ਸਾਰੀਆਂ ਬਿਮਾਰੀਆਂ ਦਾ ਨੈਚੁਰਲ ਢੰਗ ਨਾਲ ਇਲਾਜ ਕੀਤਾ ਜਾਂਦਾ ਹੈ
- ਗਰਦਨ ਕੁਰਕ ਅਤੇ ਬੈਕ ਪਰਾਬਲਮ
- ਫਟਕਾ ਪੇਨ ਅਤੇ ਸ਼ੌਚ ਦੀ ਪਰਾਬਲਮ
- ਮੈਂਟਲ ਹੈਲਥ ਪਰਾਬਲਮ
- ਸ਼ਰੀਰ ਦੀਆਂ ਸਾਰੀਆਂ ਸੱਮਸਿਆਵਾਂ ਦੀ ਮਦੱਦ ਲਈ ਕਾਲ ਕਰੋ :

RAJNI SHARMA - CALL 647-409-0731
Near Ebenezer & Gore: 45 Caranci Crescent, Brampton ON L6P 1H3




## ਕੇਅਰ ਗਿਵਰ ਦੀ ਲੋੜ



ਬਜ਼ੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। 'PR' ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
**204-333-9000, 416-818-3777**

A-One Drivers TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ
Best Rates For Lessons

] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ




647-998-7500 ਬਲਵਿੰਦਰ













FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017